# PM SHRI STUDY MATERIAL

## ਜਮਾਤ: 10+1, ਵਿਸ਼ਾ: ਅਰਥਸ਼ਾਸਤਰ

## ਭਾਗ: ਭਾਰਤੀ ਅਰਥਵਿਵਸਥਾ

**ਪ੍ਰਸ਼ਨ :- ਸੁਤੰਤਰਤਾ ਦੇ ਸਮੇਂ ਭਾਰਤੀ ਖੇਤੀ ਦੀ ਕੀ ਸਥਿਤੀ ਸੀ ?**

ਉੱਤਰ :- ਸੁਤੰਤਰਤਾ ਦੇ ਸਮੇਂ ਭਾਰਤੀ ਖੇਤੀਬਾੜੀ ਪਿਛੜੀ ਹੋਈ ਸੀ। ਖੇਤੀਬਾੜੀ ਦੇ ਪਿਛੜੇ ਹੋਣ ਕਾਰਣ ਹੇਠ ਲਿਖੇ ਸਨ:-

(1) ਜਿੰਮੀਦਾਰੀ ਪ੍ਰਥਾ (2) ਭੂਮੀ ਤੇ ਜਨਸੰਖਿਆ ਦਾ ਵਧੇਰੇ ਭਾਰ (3) ਵਰਖਾ ਤੇ ਵਧੇਰੇ ਨਿਰਭਰਤਾ (4) ਖੇਤੀ ਦੇ ਪੁਰਾਣੇ ਢੰਗ (5) ਉਚਿਤ ਸਿੰਚਾਈ ਵਿਵਸਥਾ ਦੀ ਘਾਟ। ਇਨ੍ਹਾਂ ਸਾਰੇ ਕਾਰਨਾਂ ਤੋਂ ਸਿੱਧ ਹੁੰਦਾ ਹੈ ਕਿ ਸੁਤੰਤਰਤਾ ਦੇ ਸਮੇਂ ਭਾਰਤੀ ਖੇਤੀ ਪਿਛੜੀ ਹੋਈ ਸੀ। ਭਾਰਤੀ ਅਰਥਵਿਵਸਥਾ ਖੇਤੀ ਤੇ ਨਿਰਭਰ ਹੋਣ ਕਾਰਨ ਪਿਛੜੀ ਹੋਈ ਸੀ।

**ਪ੍ਰਸ਼ਨ :- ਸੁਤੰਤਰਾ ਦੇ ਸਮੇਂ ਭਾਰਤੀ ਉਦਯੋਗਾਂ ਦੀ ਕੀ ਸਥਿਤੀ ਸੀ ?**

ਉੱਤਰ :- ਸੁਤੰਤਰਤਾ ਦੇ ਸਮੇਂ ਭਾਰਤੀ ਉਦਯੋਗਿਕ ਦ੍ਰਿਸ਼ਟੀਕੋਣ ਤੋਂ ਭਾਰਤੀ ਅਰਥਵਿਵਸਥਾ ਬਹੁਤ ਜਿਆਦਾ ਪਿਛੜੀ ਹੋਈ ਸੀ। ਜਿਸਦੇ ਕਾਰਨ ਹੇਠ ਲਿਖੇ ਅਨੁਸਾਰ ਹਨ:- (1) ਆਧਾਰਭੂਤ ਉਦਯੋਗਾਂ ਦੀ ਘਾਟ ਸੀ। (2) ਕੁਟੀਰ ਅਤੇ ਲਘੂ ਉਦਯੋਗ ਪਤਨ ਵੱਲ ਜਾ ਰਹੇ ਸਨ। (3) ਸਰਕਾਰੀ ਪ੍ਰੋਤਸਾਹਨ ਦੀ ਘਾਟ ਸੀ। (4) ਟੈਰਿਫ ਨੀਤੀ ਦਾ ਲਾਭ ਬਰਤਾਨਵੀ ਉਦਯੋਗਾਂ ਨੂੰ ਅਧਿਕ ਅਤੇ ਭਾਰਤੀ ਉਦਯੋਗਾਂ ਨੂੰ ਬਹੁਤ ਘੱਟ ਸੀ। (5) ਅੰਗਰੇਜ਼ਾਂ ਦੁਆਰਾ ਅਪਨਾਈ ਗਈ ਨੀਤੀ ਦੇ ਕਾਰਣ ਕੁਟੀਰ ਉਦਯੋਗਾਂ ਦਾ ਪਤਨ ਹੋ ਗਿਆ ਸੀ।

**ਪ੍ਰਸ਼ਨ :- ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਦੀ ਪ੍ਰਕਿਰਿਆ ਵਰਗੀਕਰਨ ਬਾਰੇ ਵਿਸਥਾਰ ਨਾਲ ਲਿਖੋ?**

**ਜਾਂ**

**ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਦੀਆਂ ਮੁੱਖ ਵਿਸ਼ੇਸਤਾਂਵਾ ਦਾ ਵਰਨਣ ਕਰੋ?**

ਉੱਤਰ :- ਡਾ. ਕਰਮ ਸਿੰਘ ਗਿੱਲ ਦੇ ਅਨੁਸਾਰ ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਇੱਕ ਅਲਪ ਵਿਕਸਿਤ, ਗਤੀਹੀਨ, ਅਰਧ-ਸੰਮਤੀ ਅਰਥਵਿਵਸਥਾ ਸੀ। ਇਸਨੂੰ ਦੂਜੇ ਮਹਾਂਯੁੱਧ ਨੇ ਘਿਸੀ ਹੋਈ ਅਰਥਵਿਵਸਥਾ ਬਣਾ ਦਿੱਤਾ ਸੀ। ਦੇਸ਼ ਦੀ ਵੰਡ ਨੇ ਖੰਡਿਤ ਅਰਥਵਿਵਸਥਾ ਬਣਾ ਦਿੱਤਾ ਸੀ।

**1.ਅਲਪਵਿਕਸਿਤ ਅਰਥਵਿਵਸਥਾ:-** ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਇੱਕ ਅਲਪਵਿਕਸਿਤ ਅਰਥਵਿਵਸਥਾ ਸੀ। ਐਮ.ਪੀ. ਟੋਡਾਰੋ ਦੇ ਅਨੁਸਾਰ,"ਅਲਪਵਿਕਸਿਤ ਅਰਥਵਿਵਸਥਾ ਉਹ ਵਿਵਸਥਾ ਹੁੰਦੀ ਹੈ ਜਿਸ ਵਿੱਚ ਜੀਵਨ ਪੱਧਰ ਬਹੁਤ ਨੀਵਾਂ ਹੋਵੇ, ਗਰੀਬੀ ਹੋਵੇ, ਪ੍ਰਤੀ ਵਿਅਕਤੀ ਆਮਦਨ ਘੱਟ ਹੋਵੇ, ਆਰਥਿਕ ਵਿਕਾਸ ਦੀ ਦਰ ਧੀਮੀ ਹੋਵੇ,ਉਪਭੋਗ ਦਾ ਪੱਧਰ ਘਟੀਆ ਹੋਵੇ,ਸਿਹਤ ਸੇਵਾਂਵਾ ਖਰਾਬ ਹੁੰਦੀਆ ਹਨ।

**2.ਗਤੀਹੀਨ ਅਰਥਵਿਵਸਥਾ:-** ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਇੱਕ ਗਤੀਹੀਨ ਅਰਥਵਿਵਸਥਾ ਸੀ। ਗਤੀਹੀਨ ਅਰਥਵਿਵਸਥਾ ਉਹ ਹੁੰਦੀ ਹੈ ਜਿਸ ਵਿੱਚ ਆਮਦਨ ਦੀ ਵਾਧਾ ਦਰ ਵਿੱਚ ਬਹੁਤ ਹੀ ਘੱਟ ਤਬਦੀਲੀ ਹੁੰਦੀ ਹੈ। ਬ੍ਰਿਟਿਸ਼ ਸਾਸ਼ਨ ਕਾਲ ਦੇ ਲਗਭਗ 100 ਸਾਲ ਦੇ ਕਾਲ ਵਿੱਚ ਪ੍ਰਤੀ ਵਿਅਕਤੀ ਆਮਦਨ ਦੀ ਔਸਤ ਸਲਾਨਾ ਵਾਧਾ ਦਰ 0.5 ਪ੍ਰਤੀਸ਼ਤ ਦੇ ਲਗਭਗ ਸੀ।

**3.ਘਿਸੀ ਹੋਈ ਅਰਥਵਿਵਸਥਾ:-** ਸੁਤੰਤਰਤਾ ਦੇ ਸਮੇਂ ਭਾਰਤੀ ਅਰਥਵਿਵਸਥਾ ਇੱਕ ਘਿਸੀ ਹੋਈ ਅਰਥਵਿਵਸਥਾ ਸੀ। ਹਰੇਕ ਅਰਥਵਿਵਸਥਾ ਵਿੱਚ ਸਾਧਨਾਂ ਦਾ ਵਧੇਰੇ ਪ੍ਰਯੋਗ ਕਰਨ ਨਾਲ ਉਨ੍ਹਾਂ ਵਿੱਚ ਘਿਸਾਵਟ ਅਤੇ ਟੁੱਟ-ਫੁੱਟ ਹੋ ਜਾਂਦੀ ਹੈ। ਪਰੰਤੂ ਜੇ ਕਿਸੇ ਅਰਥਵਿਵਸਥਾ ਦੇ ਸਾਧਨਾਂ ਦੀ ਘਿਸਾਵਟ ਨੂੰ ਦੂਰ ਕਰਨ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਪੂੰਜੀ ਨਿਰਮਾਣ ਦੀ ਮਾਤਰਾ ਘੱਟ ਜਾਂਦੀ ਹੈ। ਇਸ ਤਰ੍ਹਾਂ ਉਤਪਾਦਨ ਦੀ ਸਮਰੱਥਾ ਵੀ ਘਟ ਹੋ ਜਾਂਦੀ, ਇਸ ਤਰ੍ਹਾਂ ਦੀ ਅਰਥਵਿਵਸਥਾ ਨੂੰ ਘਿਸੀ ਹੋਈ ਅਰਥਵਿਵਸਥਾ ਆਖਦੇ ਹਨ। ਕਿਉਂਕਿ ਮਹਾਂਯੁੱਧ ਦੇ ਦੌਰਾਨ ਮਸ਼ੀਨਾਂ ਅਤੇ ਹੋਰ ਐਜ਼ਾਰਾਂ ਦਾ ਵਧੇਰੇ ਪ੍ਰਯੋਗ ਕੀਤਾ ਗਿਆ। ਜਿਸ ਦੇ ਸਿੱਟੇ ਵਜੋਂ ਭਾਰਤੀ ਅਰਥਵਿਵਸਥਾ ਵੀ ਘਿਸੀ ਹੋਈ ਅਰਥਵਿਵਸਥਾ ਬਣ ਕੇ ਰਹਿ ਗਈ।

**4.ਖੰਡਿਤ ਅਰਥਵਿਵਸਥਾ:-** ਸਾਲ 1947 ਵਿੱਚ ਜਦੋਂ ਬ੍ਰਿਟਿਸ਼ ਸ਼ਾਸਨ ਦਾ ਅੰਤ ਹੋਇਆ ਤਾਂ ਇਸ ਦੇਸ਼ ਦੀ ਅਰਥਵਿਵਸਥਾ ਦਾ ਭਾਰਤੀ ਅਰਥਵਿਵਸਥਾ ਅਤੇ ਪਾਕਿਸਤਾਨੀ ਅਰਥਵਿਵਸਥਾ ਵਿੱਚ ਵੰਡ ਕਰ ਦਿੱਤੀ ਗਈ। ਵਿਭਾਜਨ ਤੇ ਭਾਰਤੀ ਅਰਥਵਿਵਸਥਾ ਤੇ ਹੇਠ ਲਿਖੇ ਪ੍ਰਭਾਵ ਪਏ ਸਨ:-

(I). ਭਾਰਤ ਦੇ ਹਿੱਸੇ ਜਨਸੰਖਿਆਂ ਦਾ 82 ਪ੍ਰਤੀਸ਼ਤ ਭਾਗ ਅਤੇ ਖੇਤਰਫਲ ਦਾ ਕੇਵਲ 77 ਪ੍ਰਤੀਸ਼ਤ ਭਾਗ ਹਿੱਸੇ ਆਇਆ। (II). ਭਾਰਤ ਹਿੱਸੇ ਖੇਤੀਯੋਗ ਭੂਮੀ ਕੇਵਲ 65 ਪ੍ਰਤੀਸ਼ਤ ਭਾਗ ਆਇਆ।ਅਨਾਜ ਦੇ ਮਾਮਲੇ ਵਿੱਚ ਪਾਕਿਸਤਾਨ ਬੱਚਤ ਵਾਲਾ ਰਾਜ ਹੋ ਗਿਆ।

(III). ਅਣਵੰਡੇ ਭਾਰਤ ਦਾ 91 ਪ੍ਰਤੀਸ਼ਤ ਉਦਯੋਗ ਭਾਰਤ ਦੇ ਹਿੱਸੇ ਆਏ। ਜਿਸ ਕਾਰਨ ਭਾਰਤ ਨੂੰ ਉਦਯੋਗਾਂ ਦੇ ਵਿੱਚ ਲਾਭ ਹੋਇਆ।

5.ਵਸੋਂ ਦੀ ਸਮੱਸਿਆ:- ਸੁਤੰਤਰਤਾ ਦੇ ਸਮੇਂ ਭਾਰਤ ਦੀ ਕੁੱਲ ਆਬਾਦੀ 36 ਕਰੋੜ ਸੀ। ਦੇਸ਼ ਦੀ 82 ਪ੍ਰਤੀਸ਼ਤ ਵਸੋਂ ਅਨਪੜ੍ਹ ਸੀ। ਜਨਮ ਦਰ 40 ਪ੍ਰਤੀ ਹਜਾਰ ਅਤੇ ਮੌਤ ਦਰ 27 ਪ੍ਰਤੀ ਹਜਾਰ ਸੀ। ਸ਼ਿਸ਼ੂ ਮੌਤ ਦਰ 218 ਪ੍ਰਤੀ ਹਜ਼ਾਰ ਸੀ।ਵਸੋਂ ਵਾਧਾ ਦਰ ਵਰਤਮਾਨ ਦਰ ਤੋਂ ਘੱਟ ਸੀ। ਵਸੋਂ ਦੀ ਔਸਤ ਉਮਰ ਕੇਵਲ 31 ਸਾਲ ਸੀ।ਦੇਸ਼ ਦੀ 17 ਪ੍ਰਤੀਸ਼ਤ ਵਸੋਂ ਸ਼ਹਿਰਾਂ ਵਿੱਚ ਰਹਿੰਦੀ ਸੀ। ਭਾਰਤ ਦੀ ਵਸੋਂ ਸੰਖਿਆਤਮਕ ਪੱਖੋਂ ਸੰਸਾਰ ਵਿੱਚ ਦੂਜੇ ਸਥਾਨ ਤੇ ਪ੍ਰੰਤੂ ਗੁਣਾਤਮਕ ਪੱਖੋਂ ਸੰਸਾਰ ਦੀ ਸਭ ਤੋਂ ਗਰੀਬ ਵਸੋਂ ਵਿੱਚੋਂ ਇੱਕ ਸੀ।

ਪ੍ਰਸ਼ਨ :- ਨੀਤੀ ਆਯੋਗ ਬਾਰੇ ਤੁਸੀ ਕੀ ਜਾਣਦੇ ਹੋ?

ਉੱਤਰ :- ਨੀਤੀ ਆਯੋਗ ਦਾ ਗਠਨ ਭਾਰਤ ਵਿੱਚ ਕੇਂਦਰ ਦੀ ਐਨ.ਡੀ.ਏ. ਦੀ ਸਰਕਾਰ ਨੇ 2014 ਵਿੱਚ ਕੀਤਾ ਸੀ। ਇਸਨੇ ਸੰਸਥਾਗਤ ਅਤੇ ਨੀਤੀਗਤ ਢਾਂਚੇ ਵਿੱਚ ਕਈ ਪਰਿਵਰਤਨ ਕੀਤੇ। ਅਜਿਹਾ ਹੀ ਇੱਕ ਪਰਿਵਰਤਨ 'ਯੋਜਨਾ ਆਯੋਗ' ਦੀ ਥਾਂ ਤੇ 'ਨੀਤੀ ਆਯੋਗ' ਦੀ ਸਥਾਪਨਾ ਕਰਨਾ ਸੀ। ਨੀਤੀ ਆਯੋਗ ਦੀ ਸਥਾਪਨਾ 01 ਜਨਵਰੀ, 2015 ਨੂੰ ਭਾਰਤ ਸਰਕਾਰ ਦੁਆਰਾ ਪਾਸ ਕੀਤੇ ਇੱਕ ਮਤੇ ਦੇ ਫਲਸਰੂਪ ਹੋਂਦ ਵਿੱਚ ਆਇਆ। ਇਸਨੂੰ ਆਰਥਿਕ ਨਿਯੋਜਨ ਸਬੰਧੀ ਭਾਰਤ ਸਰਕਾਰ ਦੀ ਮੁੱਖ ਸੰਸਥਾ ਦੇ ਰੂਪ ਵਿਚ ਸਥਾਪਿਤ ਕੀਤਾ ਗਿਆ। ਦੇਸ਼ ਵਿਚ ਆਰਿਥਕ ਵਿਕਾਸ ਦੀ ਪ੍ਰਕਿਰਆ ਨੂੰ ਉਤਸ਼ਾਹਿਤ ਕਰਨਾ ਨੀਤੀ ਆਯੋਗ ਦੀ ਜਿੰਮੇਵਾਰੀ ਹੈ। ਆਰਥਿਕ ਵਿਕਾਸ ਪ੍ਰਤੀ ਇੱਕ ਬਹੁਪੱਖੀ ਅਤੇ ਸਰਵ ਵਿਆਪਕ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਕੇ ਆਰਥਿਕ ਵਿਕਾਸ ਲਈ ਢੁੱਕਵਾਂ ਵਾਤਾਵਰਨ ਤਿਆਰ ਕਰਨਾ ਇਸਦਾ ਮੁੱਖ ਕਾਰਨ ਹੈ। ਇਸ ਸਮੇਂ ਨੀਤੀ ਆਯੋਗ ਦਾ ਮੁਖੀ/ਚੇਅਰਮੈਨ ਜਾਂ ਪ੍ਰਧਾਨ ਦੇਸ਼ ਦਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਹੈ। ਇਸੇ ਤਰ੍ਹਾਂ ਨੀਤੀ ਆਯੋਗ ਦਾ ਉਪ ਚੇਅਰਮੈਨ ਸ਼੍ਰੀ ਸੁਮਨ ਬੇਰੀ ਹੈ।

ਪ੍ਰਸ਼ਨ :- ਨੀਤੀ ਆਯੋਗ ਦੇ ਮੁੱਖ ਉਦੇਸ਼ ਕੀ ਹਨ?

ਉੱਤਰ :- 1.ਰਾਜਾਂ ਦੀ ਪੂਰਨ ਭਾਗੀਦਾਰੀ ਨਾਲ ਰਾਸ਼ਟਰ ਦੇ ਵਿਕਾਸ ਲਈ ਪ੍ਰਥਾਮਿਕਤਾਵਾਂ ਦਾ ਰਣਨੀਤੀਆਂ ਨਾਲ ਵਿਕਾਸ ਕਰਨਾ।

2. ਦੇਸ਼ ਵਿੱਚ 'ਸਹਿਯੋਗੀ ਸੰਘਵਾਦ'ਨੂੰ ਪ੍ਰੋਤਸਾਹਿਤ ਕਰਨਾ।

3. ਨਿਯੋਜਨ 'ਹੇਠਾਂ ਤੋਂ ਉੱਪਰ ਵੱਲ' ਦ੍ਰਿਸ਼ਟੀਕੋਣ ਅਪਣਾਉਣਾ ਅਤੇ ਨਿਯੋਜਨ ਪ੍ਰਤੀ ਅਜਿਹੀ ਪ੍ਰਣਾਲੀ ਵਿਕਸਿਤ ਕਰਨਾ ਜਿਸ ਰਾਂਹੀ ਪਿੰਡ ਪੱਧਰ ਤੇ ਬਣਾਈਆਂ ਗਈਆਂ ਯੋਜਨਾਵਾਂ ਦਾ ਸਮੂਹੀਕਰਨ ਕਰਕੇ ਰਾਸ਼ਟਰੀ ਪੱਧਰ ਤੇ ਕੁਸ਼ਲ ਯੋਜਨਾਵਾਂ ਦਾ ਨਿਰਮਾਣ ਕਰਨਾ।

4. ਸਮਾਜ ਦੇ ਉਹਨਾਂ ਵਰਗਾਂ ਵੱਲ ਵਿਸ਼ੇਸ਼ ਧਿਆਨ ਦੇਣਾ ਜਿਹਨਾਂ ਨੂੰ ਆਰਥਿਕ ਤਰੱਕੀ ਤੋਂ ਲਾਭ ਪ੍ਰਾਪਤ ਨਹੀਂ ਹੋਇਆ।

5. ਨੀਤੀਗਤ ਅਤੇ ਦੀਰਘਕਾਲੀਨ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਨਿਰਮਾਣ ਕਰਨਾ ਅਤੇ ਉਹਨਾਂ ਹੇਠ ਹੋਈਆਂ ਪ੍ਰਾਪਤੀਆਂ ਦੀ ਨਿਗਰਾਨੀ ਕਰਨਾ।

6. ਗਿਆਨ, ਖੋਜ ਅਤੇ ਉੱਦਮ ਸਮਰਥਨ ਪ੍ਰਣਾਲੀ ਦਾ ਨਿਰਮਾਣ ਕਰਨਾ।

7. ਸਥਾਈ ਅਤੇ ਨਿਆਂਸੰਗਤ ਵਿਕਾਸ ਕਰਨਾ।

8. ਰਾਸ਼ਟਰੀ ਆਰਥਿਕ ਵਿਕਾਸ ਲਈ ਸਾਂਝਾ ਦ੍ਰਿਸ਼ਟੀਕੋਣ ਵਿਕਸਿਤ ਕਰਨਾ।

ਪ੍ਰਸ਼ਨ :- ਭਾਰਤੀ ਪੰਜ ਸਾਲਾ ਯੋਜਨਾਵਾਂ ਦੇ ਮੁੱਖ ਦੀਰਘਕਾਲੀਨ ਉਦੇਸ਼ਾਂ ਦੀ ਵਿਸਥਾਰਪੂਰਵਕ ਵਿਆਖਿਆ ਕਰੋ?

ਉੱਤਰ :- ਭਾਰਤ ਪੰਜ ਸਾਲਾ ਯੋਜਨਾਵਾਂ ਨੂੰ ਅਪਨਾਉਣ ਦੇ ਪਿੱਛੇ ਦੇ ਤਰਕ ਨੂੰ ਨਿਯੋਜਨ ਦੇ ਦੀਰਘਕਾਲੀਨ ਉਦੇਸ਼ਾਂ ਰਾਂਹੀ ਸਮਝਿਆ ਜਾ ਸਕਦਾ ਹੈ ਜੋ ਕਿ ਹੇਠ ਲ਼ਿਖੇ ਅਨੁਸਾਰ ਹਨ:-

1.ਰਾਸ਼ਟਰੀ ਆਮਦਾਨ ਵਿੱਚ ਵਾਧਾ ਜਾਂ ਆਰਥਿਕ ਵਿਕਾਸ
2.ਜੀਵਨ ਪੱਧਰ ਵਿੱਚ ਵਾਧਾ
3.ਆਰਥਿਕ ਅਸਮਾਨਤਾਵਾਂ ਨੂੰ ਘੱਟ ਕਰਨਾ
4.ਵਿਆਪਕ ਵਿਕਾਸ
5.ਖੇਤਰੀ ਵਿਕਾਸ
6.ਆਰਥਿਕ ਸਥਿਰਤਾ

ਪ੍ਰਸ਼ਨ :- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਕੋਈ ਚਾਰ ਮਨੁੱਖੀ ਤੱਤਾਂ ਬਾਰੇ ਜਾਣਕਾਰੀ ਦਿਓ?

ਉੱਤਰ :- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਜਿੰਮੇਵਾਰ ਮਨੁੱਖੀ ਤੱਤ ਹੇਠ ਲਿਖੇ ਅਨੁਸਾਰ ਹਨ:-

(ੳ) ਭੂਮੀ ਤੇ ਜਨਸੰਖਿਆ ਦਾ ਦਬਾਅ
(ਅ) ਸਮਾਜਿਕ ਵਾਤਾਵਰਣ
(ੲ) ਅਨਪੜ੍ਹਤਾ
(ਸ) ਛੁਪੀ ਬੇਰੁਜ਼ਗਾਰੀ

ਪ੍ਰਸ਼ਨ :- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਕੋਈ ਚਾਰ ਤਕਨੀਕੀ ਤੱਤਾਂ ਬਾਰੇ ਜਾਣਕਾਰੀ ਦਿਓ?

ਉੱਤਰ :- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਜਿੰਮੇਵਾਰ ਤਕਨੀਕੀ ਤੱਤ ਹੇਠ ਲਿਖੇ ਅਨੁਸਾਰ ਹਨ:-

(ੳ) ਸਿੰਚਾਈ ਸਹੂਲਤਾ ਦੀ ਘਾਟ (ਅ) ਖੇਤੀ ਦੇ ਪੁਰਾਣੇ ਢੰਗ

(ੲ) ਦੋਸ਼ਪੂਰਣ ਵਿਕਰੀ ਪ੍ਰਥਾ (ਸ) ਸਾਖ ਸਹੂਲਤਾ ਦੀ ਕਮੀ

ਪ੍ਰਸ਼ਨ :- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਕੋਈ ਚਾਰ ਸੰਸਥਾਗਤ ਤੱਤਾਂ ਬਾਰੇ ਜਾਣਕਾਰੀ ਦਿਓ?

ਉੱਤਰ :- ਭਾਰਤ ਵਿੱਚ ਖੇਤੀ ਦੇ ਪਿਛੜੇਪਨ ਦੇ ਜਿੰਮੇਵਾਰ ਸੰਸਥਾਗਤ ਤੱਤ ਹੇਠ ਲਿਖੇ ਅਨੁਸਾਰ ਹਨ:-

(ੳ) ਭੂ-ਮਾਲਕੀ ਪ੍ਰਣਾਲੀ:- ਭਾਰਤ ਵਿੱਚ ਜਿੰਮੀਦਾਰੀ ਪ੍ਰਥਾ ਖੇਤੀਬਾੜੀ ਦੇ ਪਿਛੜੇਪਨ ਦਾ ਮੁੱਖ ਕਾਰਨ ਹੈ। ਇਸ ਪ੍ਰਥਾ ਅਧੀਨ ਕਿਸਾਨ ਆਪਣੀ ਜਮੀਨ ਦਾ ਮਾਲਕ ਨਹੀਂ ਹੁੰਦਾ। ਉਹ ਸਿਰਫ ਜਮੀਨ ਤੇ ਖੇਤੀ ਕਰਦਾ ਹੈ। ਖੇਤ ਦਾ ਅਸਲੀ ਮਾਲਕ ਜਿੰਮੀਦਾਰ ਹੁੰਦਾ ਹੈ। ਉਹ ਕਿਸਾਨ ਨੂੰ ਕਦੇ ਵੀ ਬੇਦਖਲ ਕਰ ਸਕਦਾ ਹੈ। ਭਾਵੇਂ ਹੁਣ ਇਹ ਪ੍ਰਥਾ ਖਤਮ ਕਰ ਦਿੱਤੀ ਗਈ ਹੈ। ਪਰ ਕਿਸਾਨ ਦੀ ਹਾਲਤ ਅਜੇ ਸੰਤੋਸ਼ਜਨਕ ਨਹੀਂ ਹੈ।

(ਅ) ਖੇਤੀ ਦਾ ਛੋਟਾ ਆਕਾਰ:- ਭਾਰਤ ਦੇ ਖੇਤ ਜਿਆਦਾਤਰ ਆਕਾਰ ਵਿੱਚ ਛੋਟੇ ਹਨ। ਭਾਰਤ ਵਿੱਚ ਖੇਤਾਂ ਦਾ ਔਸਤ ਆਕਾਰ 1.32 ਹੈਕਟੇਅਰ ਹੈ। ਜਦ ਕਿ ਅਮਰੀਕਾ ਵਿੱਚ 122 ਹੈਕਟੇਅਰ ਖੇਤਾ ਦਾ ਔਸਤ ਆਕਾਰ ਹੈ। ਖੇਤਾਂ ਦੇ ਛੋਟੇ ਆਕਾਰ ਤੇ ਵਿਿਗਆਨਿਕ ਢੰਗਾਂ ਨਾਲ ਖੇਤੀ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

(ੲ) ਖੇਤਾ ਦਾ ਵੱਖ-ਵੱਖ ਥਾਵਾਂ ਤੇ ਵਿਖਰੇ ਹੋਣਾ:- ਭਾਰਤ ਵਿੱਚ ਕਿਸਾਨਾਂ ਦੇ ਖੇਤ ਵੱਖ-ਵੱਖ ਥਾਵਾਂ ਤੇ ਵਿਖਰੇ ਹੋਏ ਹਨ। ਜਿਸ ਕਾਰਨ ਉਹ ਇਹਨਾਂ ਵਿਖਰੇ ਹੋਏ ਖੇਤਾਂ ਨੂੰ ਸਿੰਚਾਈ ਦੀ ਸਹੂਲਤਾ ਪ੍ਰਦਾਨ ਨਹੀਂ ਕਰ ਪਾਉਂਦਾ। ਇਸ ਤੋਂ ਇਲਾਵਾ ਕਿਸਾਨ ਦੀ ਕਾਸ਼ਤ ਕਰਨ ਦੀ ਲਾਗਤ ਵੀ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਨੂੰ ਅਪਨਾਉਣ ਵਿੱਚ ਵੀ ਮੁਸ਼ਕਿਲ ਆਉਂਦੀ ਹੈ।

ਪ੍ਰਸ਼ਨ :- ਭਾਰਤ ਦੇ ਆਰਥਿਕ ਵਿਕਾਸ ਵਿੱਚ ਉਦਯੋਗੀਕਰਣ ਦੇ ਮਹੱਤਵ ਦਾ ਵਰਨਣ ਕਰੋ?

ਉੱਤਰ :- ਭਾਰਤ ਦੇ ਆਰਥਿਕ ਵਿਕਾਸ ਵਿੱਚ ਉਦਯੋਗੀਕਰਣ ਦਾ ਬਹੁਤ ਮਹੱਤਵ ਹੈ। ਉਦਯੋਗਿਕ ਵਿਕਾਸ ਦੁਆਰਾ ਦੇਸ਼ ਦੀ ਗਰੀਬੀ, ਬੇਰੁਜ਼ਗਾਰੀ, ਪਿਛੜਾਪਨ, ਪ੍ਰਤੀਕੂਲ਼ ਭੁਗਤਾਨ ਬਾਕੀ, ਆਦਿ ਸਮੱਸਿਆਵਾਂ ਦੇ ਹੱਲ ਕੱਢਣ ਵਿੱਚ ਮਹੱਤਵਪੂਰਨ ਸਹਾਇਤਾ ਪ੍ਰਾਪਤ ਹੁੰਦੀ ਹੈ।ਭਾਰਤੀ ਅਰਥਵਿਵਸਥਾ ਲਈ ਉਦਯੋਗਿਕ ਵਿਕਾਸ ਦਾ ਮਹੱਤਵ ਹੇਠ ਲਿਖੇ ਅਨੁਸਾਰ ਹੈ:-

1.ਰਾਸ਼ਟਰੀ ਆਮਦਨ ਵਿੱਚ ਵਾਧਾ :- ਉਦਯੋਗਿਕ ਵਿਕਾਸ ਦੇ ਕਾਰਨ ਦੇਸ਼ ਦੇ ਕੁਦਰਤੀ ਸਾਧਨਾਂ ਦਾ ਅਧਿਕ ਉਪਯੋਗ ਸੰਭਵ ਹੁੰਦਾ ਹੈ। ਇਸ ਦੇ ਸਿੱਟੇ ਵਜੋਂ ਉਤਪਾਦਨ ਵਿੱਚ ਵਾਧਾ ਹੁੰਦਾ ਹੈ। ਉਦਯੋਗਾਂ ਨਾਲ ਕਈ ਪਦਾਰਥਾਂ ਦੇ ਮੁੱਲ ਵਿੱਚ ਵਾਧਾ ਹੁੰਦਾ ਹੈ। ਇਸ ਨਾਲ ਰਾਸ਼ਟਰੀ ਆਮਦਨ ਵਿੱਚ ਵੀ ਵਾਧਾ ਹੁੰਦਾ ਹੈ।

2.ਉਤਪਾਦਕਤਾ ਵਿੱਚ ਵਾਧਾ :- ਖੇਤੀ ਖੇਤਰ ਵਿੱਚ ਉਤਪਾਦਨ ਕੁਦਰਤੀ ਸਾਧਨਾਂ ਰਾਂਹੀ ਹੁੰਦਾ ਹੈ। ਉਸਨੂੰ ਇੱਕ ਸੀਮਾ ਤੱਕ ਹੀ ਵਧਾਇਆ ਜਾ ਸਕਦਾ ਹੈ। ਪ੍ਰੰਤੂ ਉਦਯੋਗਿਕ ਉਤਪਾਦਨ ਮਨੁੱਖੀ ਕੋਸ਼ਿਸ਼ਾਂ ਨਾਲ ਸਬੰਧਿਤ ਹੁੰਦਾ ਹੈ। ਇਸ ਨੂੰ ਕਿਰਤ ਦੀ ਵੰਡ, ਮਸ਼ੀਨਾਂ ਦੇ ਪ੍ਰਯੋਗ ਨਾਲ ਵਧਾਇਆ ਜਾ ਸਕਦਾ ਹੈ।

3.ਸੰਤੁਲਿਤ ਵਿਕਾਸ:- ਭਾਰਤੀ ਅਰਥਵਿਵਸਥਾ ਅਸੰਤੁਲਿਤ ਅਰਥਵਿਵਸਥਾ ਹੈ।ਕਿਉਂਕਿ ਦੇਸ਼ ਦੀ ਜਿਆਦਾਤਰ ਜਨਸੰਖਿਆ ਅਤੇ ਪੂੰਜੀ ਖੇਤੀਬਾੜੀ ਵਿੱਚ ਲੱਗੀ ਹੋਈ ਹੈ। ਖੇਤੀਬਾੜੀ ਪਿਛੜੀ ਹੋਈ ਹੈ।ਵਰਖਾ ਦੇ ਵੱਧ-ਘੱਟ ਹੋਣ ਨਾਲ ਅਰਥਵਿਵਸਥਾ ਵਿੱਚ ਉਤਾਰ-ਚੜਾਅ ਆਉਂਦੇ ਰਹਿੰਦੇ ਹਨ।ਅਰਥਵਿਵਸਥਾ ਦੇ ਸੰਤੁਲਨ ਲਈ ਉਦਯੋਗਾਂ ਦਾ ਵਿਕਾਸ ਜਰੂਰੀ ਹੈ।

4.ਖੇਤੀ ਖੇਤਰ ਦਾ ਵਿਕਾਸ:- ਉਦਯੋਗਾਂ ਦੇ ਵਿਕਾਸ ਨਾਲ ਖੇਤੀ ਖੇਤਰ ਦੀ ਉਤਪਾਦਕਤਾ ਵਿੱਚ ਵੀ ਵਾਧਾ ਹੁੰਦਾ ਹੈ। ਉਦਯੋਗਾਂ ਦੁਆਰਾ ਤਿਆਰ ਮਸ਼ੀਨਾਂ, ਔਜ਼ਾਰਾਂ ਦੀ ਵਰਤੋਂ ਕਰਕੇ ਖੇਤੀ ਦੇ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ।ਖੇਤੀ ਖੇਤਰ ਲਈ ਰਸਾਇਣ, ਖਾਦਾਂ, ਕੀਟਨਾਸ਼ਕ ਦਵਾਈਆਂ ਦੀ ਪੈਦਾਵਾਰ ਨਾਲ ਖੇਤੀ ਖੇਤਰ ਦੀ ਉਤਪਾਦਕਤਾ ਵਿੱਚ ਕਈ ਗੁਣਾ ਵਾਧਾ ਹੁੰਦਾ ਹੈ।

ਪ੍ਰਸ਼ਨ :- ਭਾਰਤ ਦੇ ਉਦਯੋਗਿਕ ਵਿਕਾਸ ਦੀਆਂ ਮੁੱਖ ਸਮੱਸਿਆਵਾਂ ਦਾ ਵਰਨਣ ਕਰੋ?

ਉੱਤਰ :- ਭਾਰਤ ਵਿੱਚ ਉਦਯੋਗਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਹਨਾਂ ਸਮੱਸਿਆਵਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:-

(ੳ) ਆਰਥਿਕ ਅਧਾਰਿਕ ਸੰਰਚਨਾ (ਅ) ਕੱਚੇ ਮਾਲ ਦੀ ਸਮੱਸਿਆ:

(ੲ) ਪੂੰਜੀ ਦੀ ਘਾਟ (ਸ) ਸ਼ਕਤੀ ਸਾਧਨਾਂ ਦੀ ਸਮੱਸਿਆ

ਪ੍ਰਸ਼ਨ :- ਨਵੀਂ ਆਰਥਿਕ ਨੀਤੀ ਜਾਂ ਆਰਥਿਕ ਸੁਧਾਰਾਂ ਦਾ ਕੀ ਅਰਥ ਹੈ?

ਉੱਤਰ :- ਆਰਥਿਕ ਸੁਧਾਰਾਂ ਤੋਂ ਭਾਵ ਉਨ੍ਹਾਂ ਸਾਰੇ ਯਤਨਾਂ ਤੋਂ ਜਿਨ੍ਹਾਂ ਦਾ ਉਦੇਸ਼ ਅਰਥਵਿਵਸਥਾ ਨੂੰ ਵਧੇਰੇ ਕੌਸ਼ਲ ਉਪਯੋਗੀ ਅਤੇ ਵਿਕਸਿਤ ਬਣਾਉਣਾ ਹੈ। ਸਾਲ 1991 ਤੋਂ ਭਾਰਤ ਸਰਕਾਰ ਨੇ ਦੇਸ਼ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਲਈ ਅਤੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਲਈ ਭਿੰਨ-ਭਿੰਨ ਆਰਥਿਕ ਸੁਧਾਰ ਅਪਣਾਏ ਹਨ।ਇਸ ਨੀਤੀ ਨੂੰ ਨਵੀ ਆਰਥਿਕ ਨੀਤੀ (L.P.G.) ਦੀ ਨੀਤੀ ਵੀ ਕਿਹਾ ਜਾਂਦਾ ਹੈ।ਇਹ ਸੁਧਾਰ ਹੇਠਾਂ ਲਿਖੀਆਂ ਨੀਤੀਆਂ ਤੇ ਆਧਾਰਿਤ ਸਨ:-

(ੳ) ਉਦਯੋਗ ਅਤੇ ਵਪਾਰ ਦੇ ਲਈ ਲਾਈਸੈਂਸਿੰਗ ਦੀ ਨੀਤੀ ਦੇ ਸਥਾਨ ਤੇ ਉਦਾਰੀਕਰਨ ਦੀ ਨੀਤੀ।

(ਅ) ਉਦਯੋਗਪਤੀਆਂ ਲਈ ਕੋਟਾ ਪ੍ਰਣਾਲੀ ਦੇ ਸਥਾਨ ਤੇ ਨਿੱਜੀਕਰਨ ਦੀ ਨੀਤੀ।

(ੲ) ਆਯਾਤ ਅਤੇ ਨਿਰਯਾਤ ਦੇ ਲਈ ਪਰਮਿਟ ਪ੍ਰਣਾਲੀ ਦੇ ਸਥਾਨ ਤੇ ਵਿਸ਼ਵੀਕਰਨ ਦੀ ਨੀਤੀ।

ਪ੍ਰਸ਼ਨ :- ਵਿਸ਼ਵ ਵਪਾਰ ਸੰਗਠਨ (WTO) ਤੋਂ ਕੀ ਭਾਵ ਹੈ?

ਉੱਤਰ :- ਵਿਸ਼ਵ ਵਪਾਰ ਸੰਗਠਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ WORLD TRADE ORGANIZATION ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਹੈ।ਇਸ ਅੰਤਰਰਾਸ਼ਟਰੀ ਸੰਸਥਾ ਦੀ ਸਥਾਪਨਾ 01 ਜੂਨ 1995 ਵਿੱਚ ਕੀਤੀ ਗਈ।ਇਸ ਸੰਸਥਾ ਦਾ ਹੈੱਡ ਕੁਆਟਰ ਜਨੇਵਾ (ਸਵਿਟਜ਼ਰਲੈਂਡ) ਵਿਖੇ ਸਥਿਤ ਹੈ। ਭਾਰਤ ਇਸ ਸੰਸਥਾ ਦਾ ਸ਼ੁਰੂ ਤੋਂ ਹੀ ਮੈਂਬਰ ਰਿਹਾ ਹੈ।ਇਸ ਸੰਸਥਾ ਦਾ ਮੁੱਖ ਕਾਰਜ਼ ਵਸਤੂਆਂ ਅਤੇ ਸੇਵਾਵਾਂ ਦੇ ਅੰਤਰਰਾਸ਼ਟਰੀ ਵਪਾਰ , ਵਿਦੇਸ਼ੀ ਨਿਵੇਸ਼ ਅਤੇ ਬੌਧਿਕ ਸੰਪਤੀ ਅਧਿਕਾਰਾਂ ਦੀ ਰਾਖੀ ਕਰਨਾ ਹੈ।

ਪ੍ਰਸ਼ਨ :- ਉਦਾਰੀਕਰਣ ਦੇ ਤਹਿਤ ਭਾਰਤ ਸਰਕਾਰ ਨੇ ਕਿਹੜੇ-ਕਿਹੜੇ ਉਪਾਅ ਕੀਤੇ ਗਏ ਹਨ?

ਉੱਤਰ :- ਉਦਾਰੀਕਰਣ ਦਾ ਅਰਥ ਹੈ - ਸਰਕਾਰ ਦੁਆਰਾ ਲਗਾਏ ਗਏ ਪ੍ਰਤੱਖ ਜਾਂ ਭੌਤਿਕ ਨਿਯੰਤਰਣਾ ਤੋਂ ਅਰਥਵਿਵਸਥਾ ਦੀ ਮੁਕਤੀ। ਸਾਲ 1991 ਤੋਂ ਪਹਿਲਾ ਸਰਕਾਰ ਨੇ ਅਰਥਵਿਵਸਥਾ ਤੇ ਕਈ ਪ੍ਰਕਾਰ ਦੇ ਨਿਯੰਤਰਣ ਲਗਾਏ ਸਨ, ਜਿਵੇਂ ਉਦਯੋਗਿਕ ਲਾਈਸੈਂਸ ਵਿਵਸਥਾ, ਵਸਤੂਆਂ ਤੇ ਕੀਮਤ ਜਾਂ ਵਿੱਤੀ ਨਿਯੰਤਰਣ, ਆਯਾਤ ਲਾਈਸੈਂਸ, ਵਿਦੇਸ਼ੀ ਮੁਦਰਾ ਨਿਯੰਤਰਣ, ਵੱਡੇ ਵਪਾਰਿਕ ਘਰਾਨਿਆ ਦੁਆਰਾ ਨਿਵੇਸ਼ ਤੇ ਪ੍ਰਤੀਬੰਧ ਆਦਿ।ਆਰਥਿਕ ਸੁਧਾਰ ਇਸ ਮਾਨਤਾ ਤੇ ਆਧਾਰਿਤ ਹਨ ਕਿ ਸਰਕਾਰੀ ਨਿਯੰਤਰਣ ਦੀ ਬਜਾਏ ਸ਼ਕਤੀਆਂ ਅਰਥਵਿਵਸਥਾ ਦਾ ਉਚਿਤ ਮਾਰਗ ਦਰਸ਼ਨ ਕਰ ਸਕਦੀਆਂ ਹਨ।ਸੰਸਾਰ ਦੇ ਹੋਰ ਅਲਪ ਵਿਕਸਿਤ ਦੇਸ਼ਾਂ ਨੇ ਵੀ ਉਦਾਰੀਕਰਣ ਦੇ ਫਲਸਰੂਪ ਤੇਜ਼ੀ ਨਾਲ ਆਰਥਿਕ ਵਿਕਾਸ ਕੀਤਾ ਹੈ।ਉਦਾਰੀਕਰਨ ਦੇ ਉਪਾਅ ਹੇਠ ਲਿਖੇ ਅਨੁਸਾਰ ਹਨ:-

(ੳ) ਲਾਈਸੈਂਸ ਅਤੇ ਪੰਜੀਕਰਣ ਦੀ ਸਮਾਪਤੀ:- ਨਵੀਂ ਉਦਯੋਗਿਕ ਨੀਤੀ ਦੀ ਇੱਕ ਮੁੱਖ ਵਿਸ਼ੇਸਤਾ ਨਿਯੰਤਰਿਤ ਅਰਥਵਿਵਸਥਾ ਦੇ ਸਥਾਨ ਤੇ ਉਦਾਰਤਾ ਦੀ ਨੀਤੀ ਅਪਨਾਉਣ ਦੀ ਹੈ।ਹੁਣ ਤੱਕ ਭਾਰਤ ਦਾ ਨਿੱਜੀ ਖੇਤਰ ਇੱਕ ਕਠੋਰ ਲਾਈਸੈਂਸ ਪ੍ਰਣਾਲੀ ਦੇ ਅਧੀਨ ਕੰਮ ਕਰ ਰਿਹਾ ਸੀ।ਸਾਲ 1991 ਵਿਚ ਭਾਰਤ ਸਰਕਾਰ ਨੇ ਸਿਰਫ 5 ਉਦਯੋਗਾਂ ਸ਼ਰਾਬ, ਤੰਬਾਕੂ, ਸੁਰਖਿਆ ਉਪਕਰਣ, ਓਦਯੋਗਿਕ ਵਿਸਫੋਟ ਅਤੇ ਖਤਰਨਾਕ ਰਸਾਇਣ ਨੂੰ ਛੱਡ ਕੇ ਓਦਯੋਗਿਕ ਲਾਈਸੈਂਸ ਲੈਣ ਦੀ ਪ੍ਰਣਾਲੀ ਨੂੰ ਖਤਮ ਕਰ ਦਿੱਤਾ।

(ਅ) ਏਕਾਧਿਕਾਰੀ ਕਾਨੂੰਨ ਤੋਂ ਛੋਟ:- ਏਕਾਧਿਕਾਰ ਅਤੇ ਪ੍ਰਤੀਬੰਧਾਤਮਕ ਵਪਾਰ ਅਧੀਨਿਯਮ ਦੇ ਅਨੁਸਾਰ ਜਿਨ੍ਹਾਂ ਕੰਪਨੀਆਂ ਦੀ ਸੰਪਤੀ 100 ਕਰੋੜ ਤੋਂ ਅਧਿਕ ਸੀ ਉਸਨੂੰ MRTP ਫਰਮ ਘੋਸ਼ਿਤ ਕਰ ਦਿੱਤਾ ਜਾਂਦਾ ਸੀ। ਉਨ੍ਹਾਂ ਤੇ ਅਨੇਕ ਪ੍ਰਤੀਬੰਧ ਲਗਾਈ ਜਾਂਦੇ ਸਨ। ਹੁਣ ਇਸ ਐਕਟ ਨੂੰ ਖਤਮ ਕਰ ਦਿੱਤਾ ਗਿਆ ਹੈ। ਇਨ੍ਹਾਂ ਫਰਮਾਂ ਨੂੰ ਨਿਵੇਸ਼ ਸਬੰਧੀ ਨਿਰਣੈ ਲੈਂਦੇ ਸਮੇਂ ਸਰਕਾਰ ਤੋਂ ਪੂਰਵ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ। ਉਨ੍ਹਾਂ ਨੂੰ ਆਪਣਾ ਵਿਸਥਾਰ ਕਰਨ ਦੀ ਛੋਟ ਮਿਲ ਗਈ ਹੈ।

(ੲ) ਉਦਯੋਗਾਂ ਨੂੰ ਵਿਸਥਾਰ ਅਤੇ ਉਤਪਾਦਨ ਦੀ ਛੋਟ:- ਉਦਾਰੀਕਰਣ ਦੀ ਨੀਤੀ ਦੇ ਅਨੁਸਾਰ ਉਦਯੋਗਾਂ ਨੂੰ ਆਪਣਾ ਵਿਸਥਾਰ ਅਤੇ ਉਤਪਾਦਨ ਕਰਨ ਦੀ ਸੁੰਤਤਰਤਾ ਹੈ। ਇਸ ਦੇ ਲਈ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਰਕਾਰ ਤੋਂ ਪੂਰਵ-ਮੰਜ਼ੂਰੀ ਦੀ ਲੋੜ ਨਹੀ ਹੈ।

(ਸ) ਲਘੂ ਉਦਯੋਗਾਂ ਦੀ ਨਿਵੇਸ਼ ਸੀਮਾਂ ਵਿੱਚ ਵਾਧਾ:- ਲਘੂ ਉਦਯੋਗਾਂ ਦੀ ਨਿਵੇਸ਼ ਸੀਮਾਂ ਨੂੰ ਵਧਾ ਕੇ 5 ਕਰੋੜ਼ ਰੁਪਏ ਕਰ ਦਿੱਤਾ ਗਿਆ ਤਾਂ ਕਿ ਉਹ ਆਪਣਾ ਆਧੁਨਿਕੀਕਰਣ ਕਰ ਸਕਣ। ਅਤਿ ਲਘੂ ਉਦਯੋਗਾਂ ਦੀ ਨਿਵੇਸ਼ ਸੀਮਾਂ ਵਧਾ ਕੇ 25 ਲੱਖ ਰੁਪਏ ਕਰ ਦਿੱਤਾ ਗਿਆ।

ਪ੍ਰਸ਼ਨ :- ਨਿੱਜੀਕਰਣ ਦੇ ਤਹਿਤ ਭਾਰਤ ਸਰਕਾਰ ਦੁਆਰਾ ਕਿਹੜੇ-ਕਿਹੜੇ ਉਪਾਅ ਕੀਤੇ ਗਏ ਹਨ?

ਉੱਤਰ :- ਆਰਥਿਕ ਸੁਧਾਰਾਂ ਦੇ ਸਬੰਧ ਵਿੱਚ ਨਿੱਜੀਕਰਣ ਦਾ ਅਰਥ ਹੈ ਸਰਬਜਨਕ ਖੇਤਰ ਲਈ ਸੁਰੱਖਿਅਤ ਉਦਯੋਗਾਂ ਵਿੱਚੋਂ ਵੱਧ ਤੋਂ ਵੱਧ ਉਦਯੋਗਾਂ ਨੂੰ ਨਿੱਜੀ ਖੇਤਰ ਦੇ ਲਈ ਖੋਲਣਾ।ਇਸਦੇ ਅਧੀਨ ਵਰਤਮਾਨ ਸਰਬਜਨਕ ਖੇਤਰ ਦੇ ਉੱਦਮਾਂ ਨੂੰ ਪੂਰੀ ਤਰ੍ਹਾਂ ਜਾਂ ਉਸ ਦੇ ਇੱਕ ਹਿੱਸੇ ਨੂੰ ਨਿੱਜੀ ਖੇਤਰ ਨੂੰ ਵੇਚ ਦਿੱਤਾ ਜਾਂਦਾ ਹੈ।ਨਿੱਜੀਕਰਣ ਉਹ ਸਾਧਾਰਨ ਪ੍ਰਕਿਰਿਆ ਹੈ ਜਿਸਦੇ ਦੁਆਰਾ ਨਿੱਜੀ ਖੇਤਰ ਕਿਸੇ ਸਰਕਾਰੀ ਉਦਮ ਦਾ ਮਾਲਿਕ ਬਣ ਜਾਂਦਾ ਹੈ ਜਾਂ ਉਸਦਾ ਪ੍ਰਬੰਧ ਕਰਦਾ ਹੈ।ਨਿੱਜੀਕਰਣ ਦੇ ਉਪਾਅ ਹੇਠ ਲਿਖੇ ਅਨੁਸਾਰ ਹਨ:-

(ੳ) ਸਰਬਜਨਕ ਖੇਤਰ ਦਾ ਸੰਕੁਚਨ:- ਭਾਰਤ ਦੇ ਆਰਥਿਕ ਵਿਕਾਸ ਵਿੱਚ ਆਰੰਭ ਤੋਂ ਹੀ ਸਰਬਜਨਕ ਖੇਤਰ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਸੀ। ਪਰੰਤੂ ਡਾ.ਮਨਮੋਹਨ ਸਿੰਘ ਨੇ ਦੱਸਿਆ ਸੀ ਕਿ ਸਰਬਜਨਕ ਉੱਦਮਾਂ ਨੂੰ ਇਹ ਸੋਚ ਕੇ ਪ੍ਰਾਥਮਿਕਤਾ ਦਿੱਤੀ ਗਈ ਸੀ ਕਿ ਪੂੰਜੀ ਸੰਚੈ, ਉਦਯੋਗੀਕਰਣ, ਵਿਕਾਸ ਅਤੇ ਗਰੀਬੀ ਹਟਾਉਣ ਵਿੱਚ ਮੱਦਦ ਮਿਲੇਗੀ, ਪਰ ਇਨ੍ਹਾਂ ਵਿੱਚੋਂ ਕਿਸੇ ਵੀ ਉਦੇਸ਼ ਦੀ ਪੂਰਤੀ ਨਹੀਂ ਹੋਈ। ਇਸ ਲਈ ਸਰਬਜਨਕ ਖੇਤਰ ਦੇ ਲਈ ਸੁਰੱਖਿਅਤ 17 ਉਦਯੋਗਾਂ ਨੂੰ ਘੱਟ ਕਰਕੇ, 1991 ਵਿੱਚ 8 ਅਤੇ ਬਾਅਦ ਵਿੱਚ 2 ਕਰ ਦਿੱਤੀ ਗਈ। ਸਿਰਫ ਪਰਮਾਣੂ ਊਰਜਾ ਅਤੇ ਰੇਲ ਯਾਤਾਯਾਤ ਸੁਰੱਖਿਅਤ ਰਹਿਣਗੇ।ਬਾਕੀ ਉਦਯੋਗ ਨਿੱਜੀ ਖੇਤਰ ਦੇ ਲਈ ਖੋਲ ਦਿੱਤੇ ਗਏ ਹਨ।

(ਅ) ਸਰਬਜਨਕ ਖੇਤਰ ਦੇ ਉਦਯੋਗਾਂ ਵਿੱਚ ਸਰਕਾਰ ਦਾ ਵਿਨਿਵੇਸ਼:- ਸਰਬਜਨਕ ਖੇਤਰ ਦੇ ਕਾਫੀ ਉਦਯੋਗਾਂ, ਖਾਸ ਕਰਕੇ ਘਾਟਾ ਉਠਾ ਰਹੇ ਉਦਯੋਗਾਂ ਵਿੱਚ ਸਰਕਾਰ ਵਿਨਿਵੇਸ਼ ਕਰ ਰਹੀ ਹੈ। ਇਸਦਾ ਅਰਥ ਇਹ ਹੈ ਕਿ ਸਰਕਾਰ ਇਨ੍ਹਾਂ ਉਦਯੋਗਾਂ ਨੂੰ ਨਿੱਜੀ ਖੇਤਰ ਨੂੰ ਵੇਚ ਰਹੀ ਹੈ।ਇਸ ਪ੍ਰਕਾਰ ਸਰਕਾਰੀ ਉੱਦਮਾਂ ਦਾ ਮਾਲਕ ਅਤੇ ਪ੍ਰਬੰਧਕ ਸਰਕਾਰ ਦੀ ਥਾਂ ਤੇ ਨਿੱਜੀ ਖੇਤਰ ਬਣ ਜਾਂਦਾ ਹੈ।ਮਾਰਚ 2018 ਦੇ ਅੰਤ ਤੱਕ ਹੁਣ ਤੱਕ ਸਰਕਾਰ ਲਗਭਗ 2,47,383 ਕਰੋੜ ਦੇ ਉਦਯੋਗਾਂ ਨੂੰ ਨਿੱਜੀ ਖੇਤਰ ਨੂੰ ਵੇਚ ਚੁੱਕੀ ਹੈ। 2017-2018 ਵਿੱਚ ਵਿਿਨਵੇਸ਼ ਤੋਂ ਪ੍ਰਾਪਤੀਆਂ ਨੇ 1,00,000 ਕਰੋੜ ਦੇ ਰਿਕਾਰਡ ਨੂੰ ਛੂਹ ਲਿਆ।

(ੲ) ਸਰਕਾਰੀ ਉੱਦਮਾਂ ਦੇ ਸ਼ੇਅਰਾਂ ਦੀ ਵਿਕਰੀ:- ਸਰਕਾਰ ਦੇ ਸਰਬਜਨਕ ਖੇਤਰ ਦੇ ਕਈ ਉੱਦਮਾਂ ਅਤੇ ਬੈਂਕਾਂ ਦੇ ਸ਼ੇਅਰ ਵਿੱਤੀ ਸੰਸਥਾਵਾਂ ਅਤੇ ਜਨਤਾ ਨੂੰ ਵੇਚ ਰਹੀ ਹੈ। ਇਸ ਦੇ ਕਾਰਣ ਇਨ੍ਹਾਂ ਉੱਦਮਾਂ ਤੇ ਨਿੱਜੀ ਖੇਤਰ ਦਾ ਅੰਸ਼ਿਕ ਮਲਕੀਅਤ ਹੋ ਜਾਵੇਗੀ। ਇਹ ਵੀ ਨਿੱਜੀਕਰਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

(ਸ) ਨਿੱਜੀ ਖੇਤਰ ਦੇ ਨਿਵੇਸ਼ ਵਿੱਚ ਵਾਧਾ:- ਆਰਥਿਕ ਸੁਧਾਰਾਂ ਦੇ ਕਾਰਣ ਦੇਸ਼ ਦੇ ਕੁੱਲ ਨਿਵੇਸ਼ ਵਿੱਚ ਨਿੱਜੀ ਖੇਤਰ ਦੇ ਨਿਵੇਸ਼ ਦੇ ਹਿੱਸੇ ਵਿੱਚ ਵਾਧਾ ਹੋਇਆ ਹੈ।ਇਹ ਵੀ ਨਿੱਜੀਕਰਣ ਦਾ ਸੂਚਕ ਹੈ। ਨਿੱਜੀ ਖੇਤਰ ਦਾ ਨਿਵੇਸ਼ ਦਾ ਕੁੱਲ ਨਿਵੇਸ਼ 45 ਪ੍ਰਤੀਸ਼ਤ ਤੋਂ ਵੱਧ ਕੇ 55 ਪ੍ਰਤੀਸ਼ਤ ਹੋ ਗਿਆ ਹੈ।

ਪ੍ਰਸ਼ਨ :- ਵਿਸ਼ਵੀਕਰਣ ਦੇ ਤਹਿਤ ਭਾਰਤ ਸਰਕਾਰ ਦੁਆਰਾ ਕਿਹੜੇ-ਕਿਹੜੇ ਉਪਾਅ ਕੀਤੇ ਗਏ ਹਨ?

ਉੱਤਰ :- ਵਿਸ਼ਵੀਕਰਣ ਤੋਂ ਭਾਵ ਹੈ ਦੇਸ਼ ਦੀ ਅਰਥਵਿਵਸਥਾ ਨੂੰ ਸਰਕਾਰ ਦੇ ਹੋਰਨਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਨਾਲ ਮੁਕਤ ਵਪਾਰ, ਪੂੰਜੀ ਅਤੇ ਮਜ਼ਦੂਰਾਂ ਦੀ ਗਤੀਸ਼ੀਲਤਾ ਦੁਆਰਾ ਸੰਬੰਧਿਤ ਕਰਨਾ ਹੈ। ਵਿਸ਼ਵੀਕਰਣ ਦੇ ਕਾਰਨ ਸੰਸਾਰ ਦੇ ਭਿੰਨ-ਭਿੰਨ ਦੇਸ਼ਾਂ ਦੇ ਨਾਲ ਭਾਰਤੀ ਅਰਥਵਿਵਸਥਾ ਦੇ ਸਹਿਯੋਗ ਵਿੱਚ ਵਾਧਾ ਹੋਵੇਗਾ। ਸੰਸਾਰ ਦੇ ਵਿਕਸਿਤ ਦੇਸ਼ਾਂ ਤੋਂ ਪੂੰਜੀ ਅਤੇ ਤਕਨੀਕ ਦਾ ਪ੍ਰਵਾਹ ਭਾਰਤ ਵੱਲ ਹੋ ਸਕੇਗਾ। ਵਿਸਵੀਕਰਣ ਦੇ ਉਪਾਅ ਹੇਠ ਲਿਖੇ ਅਨੁਸਾਰ ਹਨ :-

(ੳ) ਵਿਦੇਸ਼ੀ ਪੂੰਜੀ ਨਿਵੇਸ਼ ਵਿੱਚ ਵਾਧਾ:- ਆਰਥਿਕ ਸੁਧਾਰਾਂ ਦੇ ਅਨੁਸਾਰ ਵਿਦੇਸ਼ੀ ਪੂੰਜੀ ਨਿਵੇਸ਼ ਦੀ ਸੀਮਾ 40 ਪ੍ਰਤੀਸ਼ਤ ਤੋਂ ਵਧਾ ਕੇ 51 ਅਤੇ 51 ਤੋਂ ਵਧਾ ਕੇ ਹੁਣ 100 ਪ੍ਰਤੀਸ਼ਤ ਕਰ ਦਿੱਤੀ ਗਈ ਹੈ। ਉੱਚੀ-ਪ੍ਰਾਥਮਿਕਤਾ ਦੇ 47 ਉਦਯੋਗਾਂ ਵਿੱਚ 100 ਪ੍ਰਤੀਸ਼ਤ ਤੱਕ ਪੂੰਜੀ ਨਿਵੇਸ਼ ਦੀ ਮਨਜ਼ੂਰੀ ਬਿਨ੍ਹਾਂ ਰੋਕ ਟੋਕ ਅਤੇ ਲਾਲ ਫੀਤਾਸ਼ਾਹੀ ਦੇ ਦਿੱਤੀ ਗਈ ਹੈ। ਨਿਰਯਾਤ ਕਰਨ ਵਾਲੇ ਵਪਾਰਿਕ ਘਰਾਨਿਆਂ ਵਿੱਚ ਵੀ 100 ਪ੍ਰਤੀਸ਼ਤ ਵਿਦੇਸ਼ੀ ਪੂੰਜੀ ਨਿਵੇਸ਼ ਦੀ ਮੰਜ਼ੂਰੀ ਦਿੱਤੀ ਗਈ ਹੈ।ਇਸ ਸੰਬੰਧ ਵਿੱਚ ਵਿਦੇਸ਼ੀ ਮੁਦਰਾ ਪ੍ਰਬੰਧਨ ਕਾਨੂੰਨ (FEMA) ਲਾਗੂ ਕੀਤਾ ਗਿਆ ਹੈ।

(ਅ) ਅੰਸ਼ਿਕ ਪਰਿਵਰਤਨ:- ਵਿਸ਼ਵੀਕਰਣ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਆਰਥਿਕ ਸੁਧਾਰਾਂ ਦੇ ਅਨੁਸਾਰ ਭਾਰਤੀ ਰੁਪਏ ਨੂੰ ਅੰਸ਼ਿਕ ਪਰਿਵਰਤਨਸ਼ੀਲ ਕਰ ਦਿੱਤਾ ਗਿਆ।ਜਿਸਦਾ ਅਰਥ ਹੈ ਕਿ ਵਿਦੇਸ਼ੀ ਸੌਦਿਆਂ ਦੇ ਲਈ ਬਜ਼ਾਰ ਦੁਆਰਾ ਨਿਰਧਾਰਿਤ ਕੀਮਤ ਤੇ ਵਿਦੇਸ਼ੀ ਮੁਦਰਾ ਜਿਵੇਂ: ਡਾਲਰ ਜਾਂ ਪੌਂਡ ਨੂੰ ਬਜ਼ਾਰ ਵਿੱਚ ਖਰੀਦਣਾ ਜਾਂ ਵੇਚਣਾ।ਇਹ ਪਰਿਵਰਤਨ ਸਿਰਫ ਹੇਠਾਂ ਲਿਖੇ ਸੌਦਿਆਂ ਦੇ ਲਈ ਕੀਤਾ ਜਾ ਸਕਦਾ ਸੀ। (i)ਵਸਤੂਆਂ ਅਤੇ ਸੇਵਾਵਾਂ ਦੇ ਆਯਾਤ ਅਤੇ ਨਿਰਯਾਤ ਦੇ ਲਈ। (ii) ਵਿਆਜ ਅਤੇ ਨਿਵੇਸ਼ ਤੋਂ ਪ੍ਰਾਪਤ ਆਮਦਨ ਨੂੰ ਭੁਗਤਾਨ ਕਰਨ ਲਈ।(iii)ਪਰਿਵਾਰ ਦਾ ਖਰਚਾ ਚਲਾਉਣ ਲਈ ਭੇਜੀ ਜਾਣ ਵਾਲੀ ਰਾਸ਼ੀ।

(ੲ) ਦੀਰਘਕਾਲੀਨ ਵਪਾਰ ਨੀਤੀ:- ਆਰਥਿਕ ਸੁਧਾਰਾਂ ਦੇ ਅਨੁਸਾਰ ਵਿਦੇਸ਼ੀ ਵਪਾਰ ਨੀਤੀ ਨੂੰ ਦੀਰਘਕਾਲੀਨ ਅਰਥਾਤ ਪੰਜ ਸਾਲ ਦੀ ਅਵਧੀ ਦੇ ਲਈ ਲਾਗੂ ਕੀਤਾ ਗਿਆ। ਇਸ ਨੀਤੀ ਦੀ ਮੁੱਖ ਵਿਸ਼ੇਸ਼ਤਾ ਇਸਦੀ ਉਦਾਰਤਾ ਹੈ। ਇਸ ਨੀਤੀ ਵਿੱਚ ਵਪਾਰ ਵਿੱਚ ਲੱਗੇ ਸਾਰੇ ਨਿਯੰਤਰਣ ਅਤੇ ਪ੍ਰਤੀਬੰਧਾ ਨੂੰ ਹਟਾ ਦਿੱਤਾ ਗਿਆ। ਖੁੱਲੀ ਪ੍ਰਤੀਯੋਗਤਾ ਨੂੰ ਉਤਸ਼ਾਹ ਦਿੱਤਾ ਗਿਆ ਅਤੇ ਉਸ ਦੇ ਲਈ ਸਾਰੀਆਂ ਸਹੂਲਤਾਂ ਦਿੱਤੀਆਂ ਗਈਆ ਹਨ।

(ਸ) ਟੈਰਿਫ ਦਰਾਂ ਵਿੱਚ ਕਮੀ:- ਆਰਥਿਕ ਸੁਧਾਰਾਂ ਦੇ ਅਨੁਸਾਰ ਭਾਰਤੀ ਅਰਥਵਿਵਸਥਾ ਨੂੰ ਅੰਤਰਰਾਸ਼ਟਰੀ ਰੂਪ ਨਾਲ ਉਪਯੋਗੀ ਬਣਾਉਣ ਲਈ ਆਯਾਤ ਅਤੇ ਨਿਰਯਾਤ ਉਤੇ ਲਗਾਏ ਜਾਣ ਵਾਲਾ ਸੀਮਾਂ ਸ਼ੁਲਕ ਅਤੇ ਟੈਰਿਫਾਂ ਨੂੰ ਹੌਲੀ-ਹੌਲੀ ਘੱਟ ਕੀਤਾ ਜਾ ਰਿਹਾ ਹੈ।

ਪ੍ਰਸ਼ਨ :- ਮਾਨਵ ਪੂੰਜੀ ਅਤੇ ਮਾਨਵ ਵਿਕਾਸ ਵਿੱਚ ਅੰਤਰ ਦੱਸੋ?

ਉੱਤਰ :- ਮਾਨਵ ਪੂੰਜੀ ਇੱਕ ਅਰਥ ਵਿੱਚ ਸਾਧਨ ਹੈ ਕਿਉਂਕਿ ਇਸ ਵਿੱਚ ਕੋਸਲ ਹੈ ਜਿਸਦਾ ਉਪਯੋਗ ਉਤਪਾਦਨ ਦੀ ਪ੍ਰਕ੍ਰਿਆ ਵਿੱਚ ਕੀਤਾ ਜਾਂਦਾ ਹੈ। ਇਸ ਵਿੱਚ ਜਾਣਕਾਰੀ, ਯੋਗਤਾ ਅਤੇ ਨਿਪੁੰਨਤਾ ਪਾਈ ਜਾਂਦੀ ਹੈ। ਜਿਨ੍ਹਾਂ ਦਾ ਉਪਯੋਗ ਉਤਪਾਦਨ ਕਿਰਿਆ ਵਿੱਚ ਕੀਤਾ ਜਾਂਦਾ ਹੈ। ਉਤਪਦਾਕਤਾ ਵਿੱਚ ਵਾਧਾ ਇੱਕ ਟੀਚਾ ਹੁੰਦਾ ਹੈ। ਇਸ ਲਈ ਮਾਨਵ ਪੂੰਜੀ ਦੇ ਵਿਸਤ੍ਰਿਤ ਅਤੇ ਗਹਿਰੇ ਉਪ੍ਰਯੋਗ ਦੁਆਰਾ ਅਸੀਂ ਉਤਪਾਦਨ ਦਾ ਉੱਚ ਤੋਂ ਉੱਚ ਪੱਧਰ ਪ੍ਰਾਪਤ ਕਰਨਾ ਚਾਹੁੰਦੇ ਹਾਂ। ਦੂਜੇ ਪਾਸੇ, ਮਾਨਵ ਵਿਕਾਸ ਆਪਣੇ ਆਪ ਵਿੱਚ ਇੱਕ ਟੀਚਾ ਹੈ। ਇਸਦਾ ਭਾਵ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਪ੍ਰਾਪਤ ਕਰਕੇ ਵਿਅਕਤੀਆਂ ਦੇ ਮੁਲਵਾਨ ਵਿਕਅਤੀਤਵ ਦਾ ਵਿਕਾਸ ਕਰਨਾ ਹੈ।

ਪ੍ਰਸ਼ਨ :- ਮਾਨਵ ਪੂੰਜੀ ਸਟਾਕ ਤੋਂ ਕੀ ਭਾਵ ਹੈ?

ਉੱਤਰ :- ਮਾਨਵ ਪੂੰਜੀ ਸਟਾਕ ਤੋਂ ਭਾਵ ਕਿਸੇ ਰਾਸ਼ਟਰ ਵਿੱਚ ਕਿਸੇ ਨਿਸ਼ਚਿਤ ਸਮੇਂ ਤੇ ਪਾਏ ਜਾਣ ਵਾਲੇ 'ਕੋਸ਼ਲ ਅਤੇ ਨਿਪੁੰਨਤਾ' ਦੇ ਭੰਡਾਰ ਤੋਂ ਹੈ। ਇਹ ਉਨ੍ਹਾਂ ਇੰਜੀਨਿਅਰਾਂ, ਡਾਕਟਰਾਂ, ਅਤੇ ਸਾਰੇ ਪ੍ਰਕਾਰ ਦੇ ਕਿਰਤੀਆਂ ਦੇ ਕੋਸ਼ਲ ਅਤੇ ਨਿਪੁੰਨਤਾ ਦਾ ਕੁੱਲ ਜੋੜ ਹੈ ਜੋ ਉਤਪਾਦਨ ਦੀ ਪ੍ਰਕਿਿਰਆ ਵਿੱਚ ਲੱਗੇ ਹੋਏ ਹਨ।ਉਦਾਹਰਨ ਦੇ ਲਈ ਜੇਕਰ 2018 ਦੇ ਸ਼ੁਰੂ ਵਿੱਚ ਇੱਕ ਰਾਸ਼ਟਰ ਦਾ ਮਾਨਵ ਪੂੰਜੀ ਦਾ ਸਟਾਕ 10,000 ਕੁਸ਼ਲ ਕਿਰਤੀਆਂ ਦਾ ਹੈ। ਤਾਂ ਉਸ ਰਾਸ਼ਟਰ ਦਾ ਮਾਨਵ ਪੂੰਜੀ ਸਟਾਕ 10,000 ਹੋਵੇਗਾ।

ਪ੍ਰਸ਼ਨ :- ਨੌਕਰੀ ਦੇ ਦੌਰਾਨ ਸਿਖਲਾਈ/ਪਰੀਖਣ ਤੋਂ ਕੀ ਭਾਵ ਹੈ?

ਉੱਤਰ :- ਨੌਕਰੀ ਦੇ ਦੌਰਾਨ ਸਿਖਲਾਈ, ਕਿਰਤੀਆਂ ਨੂੰ ਅਪਣੇ ਵਿਿਸ਼ਸ਼ਟ ਕੋਸ਼ਲ ਨੂੰ ਹੋਰ ਵਧਾਉਣ ਵਿੱਚ ਸਹਾਇਕ ਹੁੰਦੀ ਹੈ।ਇਹ ਉਹਨਾਂ ਦੀ ਉਤਪਾਦਕਤਾ ਵਿੱਚ ਵਾਧਾ ਕਰਦਾ ਹੈ।ਫਰਮਾਂ ਹਮੇਸ਼ਾਂ ਨੌਕਰੀ ਦੇ ਦੌਰਾਨ ਸਿਖਲਾਈ ਪ੍ਰੋਗਰਾਮ ਲਈ ਤਿਆਰ ਰਹਿੰਦੀਆਂ ਹਨ।ਉਦਾਹਰਣ ਦੇ ਲਈ ਕਿਸੇ ਫਰਮ ਵਿੱਚ ਪੁਰਾਣੀਆਂ ਮਸ਼ੀਨਾਂ ਦੀ ਥਾਂ ਨਵੀਆਂ ਮਸ਼ੀਨਾਂ ਨਾਲ ਉਤਪਾਦਨ ਦੀ ਤਕਨੀਕ ਦਾ ਨਵੀਨੀਕਰਣ ਕੀਤਾ ਜਾ ਰਿਹਾ ਹੈ। ਉਸ ਫਰਮ ਵਿੱਚ ਪੁਰਾਣੀਆਂ ਮਸ਼ੀਨਾਂ ਤੇ ਕੰਮ ਕਰਨ ਵਾਲੇ ਕਾਰੀਗਰਾਂ ਨੂੰ ਜੋ ਨਵੀ ਮਸ਼ੀਨ ਤੇ ਕੰਮ ਕਰਨ ਦੀ ਸਿਖਲਾਈ ਤਕਨੀਕੀ ਮਾਹਿਰ ਦੁਆਰਾ ਦਿੱਤੀ ਜਾਵੇਗੀ ਉਸ ਸਿਖਲਾਈ ਨੂੰ ਅਸੀਂ ਨੌਕਰੀ ਦੇ ਦੌਰਾਨ ਸਿਖਲਾਈ ਕਹਿੰਦੇ ਹਾਂ।

ਪ੍ਰਸ਼ਨ :- ਸਥਾਨਾਂਤਰਣ ਦਾ ਕੀ ਅਰਥ ਹੈ?

ਉੱਤਰ :- ਸਥਾਨਾਂਤਰਣ ਮਾਨਵ ਪੂੰਜੀ ਨਿਰਮਾਣ ਵਿੱਚ ਯੋਗਦਾਨ ਦਿੰਦਾ ਹੈ ਕਿਉਂਕਿ ਇਹ ਲੋਕਾਂ ਦੇ ਸੁਸਤ ਕੋਸ਼ਲ ਦੇ ਪ੍ਰਯੋਗ ਵਿੱਚ ਸਹਾਇਕ ਹੁੰਦਾ ਹੈ।ਇਹ ਉਨ੍ਹਾਂ ਦੇ ਕੋਸ਼ਲ ਦੇ ਪੂਰਣ ਉਪਯੋਗ ਵਿੱਚ ਸਹਾਇਕ ਹੁੰਦਾ ਹੈ। ਸਥਾਨਾਂਤਰਣ ਤੇ ਇਸ ਪ੍ਰਕਾਰ ਖਰਚ ਹੁੰਦਾ ਹੈ:- (ੳ) ਇੱਕ ਥਾ ਤੋਂ ਦੂਜੀ ਥਾਂ ਤੇ ਜਾਣ ਦੇ ਲਈ ਆਵਾਜਾਈ ਲਾਗਤ। (ਅ) ਭਿੰਨ ਪ੍ਰਕਾਰ ਦੇ ਸਮਾਜਿਕ ਵਾਤਾਵਰਣ ਵਿੱਚ ਜੀਵਨ ਨਿਰਵਾਹ ਦੀ ਲਾਗਤ।ਕੋਸ਼ਲ ਜਾਂ ਹੁਨਰ ਦਾ ਬੇਹਤਰ ਪ੍ਰਯੋਗ ਲਈ ਸਥਾਨਾਂਤਰਣ ਵੀ ਮਾਨਵ ਪੂੰਜੀ ਨਿਰਮਾਣ ਦਾ ਇੱਕ ਸਰੋਤ ਹੈ।

ਪ੍ਰਸ਼ਨ :- ਪ੍ਰਤਿਭਾ ਪਲਾਯਨ ਤੋਂ ਕੀ ਭਾਵ ਹੈ?

ਉੱਤਰ :- ਦੇਸ਼ ਵਿੱਚ ਮਾਨਵ ਪੂੰਜੀ ਨਿਰਮਾਣ ਦੀ ਪ੍ਰਕ੍ਰਿਆ ਨੂੰ ਇੱਕ ਗੰਭੀਰ ਖਤਰਾ ਉਹਨਾਂ ਵਿਅਕਤੀਆਂ ਤੋਂ ਹੈ ਜੋ ਭਾਰਤ ਵਿੱਚ ਜਨਮੇ ਅਤੇ ਇੱਥੋਂ ਹੀ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਕਰਨ ਦੇ ਬਾਅਦ ਵਿਕਸਿਤ ਦੇਸ਼ਾਂ ਨੂੰ ਚਲੇ ਜਾਂਦੇ ਹਨ। ਉੱਚ ਯੋਗਤਾ ਪ੍ਰਾਪਤ ਇਹ ਵਿਅਕਤੀ ਅਧਿਕਤਰ ਵਿਿਗਆਨੀ, ਪਸ਼ਾਸਕ, ਇੰਜੀਨਿਅਰ, ਡਾਕਟਰ, ਸਿੱਖਿਆ ਸ਼ਾਸਤਰੀ, ਪ੍ਰੋਫੈਸਰ, ਆਦਿ ਹੁੰਦੇ ਹਨ। ਇਹਨਾਂ ਪ੍ਰਤਿਭਾਸ਼ਾਲੀ ਵਿਅਕਤੀਆਂ ਦੇ ਅਪਣੇ ਦੇਸ਼ ਤੋਂ ਦੂਜੇ ਦੇਸ਼ਾਂ ਵਿੱਚ ਸਾਡੇ ਦੇਸ਼ ਦੇ ਮਾਨਵ ਪੂੰਜੀ ਨਿਰਮਾਣ ਦੀ ਕਿਿਰਆ ਲਈ ਬਹੁਤ ਵੱਡਾ ਘਾਟਾ ਹੈ।

ਪ੍ਰਸ਼ਨ ਮਾਨਵ ਪੂੰਜੀ ਨਿਰਮਾਣ ਦੇ ਸ੍ਰੋਤ ਕੀ ਹੈ? ਜਾਂ ਮਾਨਵ ਪੂੰਜੀ ਨਿਰਮਾਣ ਵਿੱਚ ਕਿਹੜੇ ਤੱਤ ਯੋਗਦਾਨ ਦਿੰਦੇ ਹਨ ?

ਉੱਤਰ :- ਮਾਨਵ ਪੂੰਜੀ ਦੇ ਨਿਰਧਾਰਕ ਤੱਤਾਂ ਤੋਂ ਭਾਵ ਮਾਨਵ ਪੂੰਜੀ ਨਿਰਮਾਣ ਦੇ ਸੋਮਿਆਂ ਜਾਂ ਉਹਨਾਂ ਢੰਗਾ ਨਾਲ ਹੈ ਜੋ ਮਾਨਵ ਪੂੰਜੀ ਸਟਾਕ ਵਿੱਚ ਵਾਧਾ ਕਰਦੇ ਹਨ।ਇਹ ਹੇਠ ਲਿਖੇ ਅਨੁਸਾਰ ਹਨ :-

(ੳ) ਸਿੱਖਿਆ ਤੇ ਖਰਚ:- ਦੇਸ਼ ਵਿੱਚ ਉਤਪਾਦਕ ਕਾਰਜਬਲ ਦੀ ਸੰਖਿਆ ਨੂੰ ਵਧਾਉਣ ਅਤੇ ਵਿਸ਼ਾਲ ਕਰਨ ਦਾ ਸਭ ਤੋਂ ਵੱਧ ਮਹੱਤਵਪੂਰਨ ਤਰੀਕਾ ਸਿੱਖਿਆ ਤੇ ਖਰਚ ਕਰਨਾ ਹੈ। ਇਸ ਲਈ ਮਾਨਵ ਪੂੰਜੀ ਨਿਰਮਾਣ ਦਾ ਇਕ ਬਹੁਤ ਹੀ ਮਹੱਤਵਪੂਰਨ ਤੱਤ ਹੈ। ਸਿੱਖਿਆ ਤੇ ਖਰਚ ਕਰਨ ਵਾਲਾ ਵਿਅਕਤੀ ਜੀਵਨ ਦੀ ਲੰਬੀ ਮਿਆਦ ਤਕ ਚੰਗੀ ਕਮਾਈ ਕਰਦਾ ਹੈ। ਸਿੱਖਿਆ ਤੇ ਕੀਤੇ ਜਾਣ ਵਾਲੇ ਸ਼ੁਰੂਆਤੀ ਖਰਚ ਦੀ ਤੁਲਨਾ ਵਿੱਚ ਉਸਨੂੰ ਜੀਵਨ ਭਰ ਕਈ ਗੁਣਾ ਵੱਧ ਆਮਦਨ ਪ੍ਰਾਪਤ ਹੁੰਦੀ ਹੈ।

(ਅ) ਸਿਹਤ ਤੇ ਖਰਚ:- ਇਕ ਪੁਰਾਣੀ ਕਹਾਵਤ ਹੈ ਕਿ ਤੰਦਰੁਸਤ ਸਰੀਰ ਵਿੱਚ ਤੰਦਰੁਸਤ ਬੁੱਧੀ ਦਾ ਆਵਾਸ ਹੁੰਦਾ ਹੈ। ਸਿਹਤ ਤੇ ਕੀਤਾ ਗਿਆ ਖਰਚ ਇਕ ਵਿਅਕਤੀ ਨੂੰ ਵੱਧ ਕਾਰਜਕੁਸ਼ਲ ਅਤੇ ਵੱਧ ਉਤਪਾਦਨਕਾਰੀ ਬਣਾਉਂਦਾ ਹੈ। ਉਤਪਾਦਨ ਦੀ ਪ੍ਰਕਿਰਿਆ ਵਿੱਚ ਉਸਦਾ ਯੋਗਦਾਨ ਵੱਧ ਹੁੰਦਾ ਹੈ।ਇਕ ਬਿਮਾਰ ਵਿਅਕਤੀ ਦੀ ਤੁਲਨਾ ਵਿੱਚ ਸਵਸਥ ਵਿਅਕਤੀ ਰਾਸ਼ਟਰ ਤੇ ਸਕਲ ਘਰੇਲੂ ਉਤਪਾਦ ਵਿੱਚ ਜਿਆਦਾ ਵਾਧਾ ਕਰਦਾ ਹੈ।

(ੲ) ਨੌਕਰੀ ਦੇ ਦੌਰਾਨ ਸਿਖਲਾਈ:- ਨੌਕਰੀ ਦੇ ਦੌਰਾਨ ਸਿਖਲਾਈ, ਕਿਰਤੀਆਂ ਨੂੰ ਅਪਣੇ ਵਿਸ਼ਿਟ ਕੋਸ਼ਲ ਨੂੰ ਹੋਰ ਵਧਾਉਣ ਵਿੱਚ ਸਹਾਇਕ ਹੁੰਦੀ ਹੈ।ਇਹ ਉਹਨਾਂ ਦੀ ਉਤਪਾਦਕਤਾ ਵਿੱਚ ਵਾਧਾ ਕਰਦਾ ਹੈ।ਫਰਮਾਂ ਹਮੇਸ਼ਾਂ ਨੌਕਰੀ ਦੇ ਦੌਰਾਨ ਸਿਖਲਾਈ ਪ੍ਰੋਗਰਾਮ ਲਈ ਤਿਆਰ ਰਹਿੰਦੀਆਂ ਹਨ।ਉਦਾਹਰਣ ਦੇ ਲਈ ਕਿਸੇ ਫਰਮ ਵਿੱਚ ਪੁਰਾਣੀਆਂ ਮਸ਼ੀਨਾਂ ਦੀ ਥਾਂ ਨਵੀਆਂ ਮਸ਼ੀਨਾਂ ਨਾਲ ਉਤਪਾਦਨ ਦੀ ਤਕਨੀਕ ਦਾ ਨਵੀਨੀਕਰਣ ਕੀਤਾ ਜਾ ਰਿਹਾ ਹੈ। ਉਸ ਫਰਮ ਵਿੱਚ ਪੁਰਾਣੀਆਂ ਮਸ਼ੀਨਾਂ ਤੇ ਕੰਮ ਕਰਨ ਵਾਲੇ ਕਾਰੀਗਰਾਂ ਨੂੰ ਜੋ ਨਵੀ ਮਸ਼ੀਨ ਤੇ ਕੰਮ ਕਰਨ ਦੀ ਸਿਖਲਾਈ ਤਕਨੀਕੀ ਮਾਹਿਰ ਦੁਆਰਾ ਦਿੱਤੀ ਜਾਵੇਗੀ ਉਸ ਸਿਖਲਾਈ ਨੂੰ ਅਸੀਂ ਨੌਕਰੀ ਦੇ ਦੌਰਾਨ ਸਿਖਲਾਈ ਕਹਿੰਦੇ ਹਾਂ।

(ਹ) ਸਥਾਨਾਂਤਰਣ:- ਸਥਾਨਾਂਤਰਣ ਮਾਨਵ ਪੂੰਜੀ ਨਿਰਮਾਣ ਵਿੱਚ ਯੋਗਦਾਨ ਦਿੰਦਾ ਹੈ ਕਿਉਂਕਿ ਇਹ ਲੋਕਾਂ ਦੇ ਸੁਸਤ ਕੋਸ਼ਲ ਦੇ ਪ੍ਰਯੋਗ ਵਿੱਚ ਸਹਾਇਕ ਹੁੰਦਾ ਹੈ।ਇਹ ਉਨ੍ਹਾਂ ਦੇ ਕੋਸ਼ਲ ਦੇ ਪੂਰਣ ਉਪਯੋਗ ਵਿੱਚ ਸਹਾਇਕ ਹੁੰਦਾ ਹੈ। ਸਥਾਨਾਂਤਰਣ ਤੇ ਇਸ ਪ੍ਰਕਾਰ ਖਰਚ ਹੁੰਦਾ ਹੈ:- (ੳ) ਇੱਕ ਥਾ ਤੋਂ ਦੂਜੀ ਥਾਂ ਤੇ ਜਾਣ ਦੇ ਲਈ ਆਵਾਜਾਈ ਲਾਗਤ। (ਅ) ਭਿੰਨ ਪ੍ਰਕਾਰ ਦੇ ਸਮਾਜਿਕ ਵਾਤਾਵਰਣ ਵਿੱਚ ਜੀਵਨ ਨਿਰਵਾਹ ਦੀ ਲਾਗਤ।ਕੋਸ਼ਲ ਜਾਂ ਹੁਨਰ ਦਾ ਬੇਹਤਰ ਪ੍ਰਯੋਗ ਲਈ ਸਥਾਨਾਂਤਰਣ ਵੀ ਮਾਨਵ ਪੂੰਜੀ ਨਿਰਮਾਣ ਦਾ ਇੱਕ ਸਰੋਤ ਹੈ।

ਪ੍ਰਸ਼ਨ :- ਭਾਰਤ ਵਿੱਚ ਮਾਨਵ ਪੂੰਜੀ ਨਿਰਮਾਣ ਦੀ ਸਮੱਸਿਆ ਦਾ ਵਰਨਣ ਕਰੋ?

ਉੱਤਰ :- ਮਾਨਵ ਪੂੰਜੀ ਨਿਰਮਾਣ ਨੂੰ ਕੁੱਝ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਮੱਸਿਆਵਾਂ ਹੇਠ ਲਿਖੇ ਅਨੁਸਾਰ ਹਨ :-

I.ਵੱਧਦੀ ਜਨਸੰਖਿਆ:- ਤੇਜ ਗਤੀ ਨਾਲ ਵਧ ਰਹੀ ਜਨਸੰਖਿਆ ਮਾਨਵ ਪੂੰਜੀ ਦੀ ਗੁਣਵੱਤਾ ਤੇ ਪ੍ਰਤੀਕੂਲ ਪ੍ਰਭਾਵ ਪਾਉਂਦੀ ਹੈ। ਕਿਉਂਕਿ ਇਸਦੇ ਸਿੱਟੇ ਵਜੋਂ ਮੌਜੂਦਾ ਸਹੂਲਤਾਂ ਦੀ ਪ੍ਰਤੀ ਵਿਅਕਤੀ ਉਪਲਬਧਤਾ ਘੱਟਦੀ ਜਾ ਰਹੀ ਹੈ। ਇਹ ਸਹੂਲਤਾਂ ਆਵਾਸ, ਸਫਾਈ ਦਾ ਪ੍ਰਬੰਧ, ਜਲ ਨਿਕਾਸੀ, ਪੇਅ-ਜਲ ਸਿਸਟਮ, ਹਸਪਤਾਲ, ਸਿੱਖਿਆ ਆਦਿ ਨਾਲ ਸੰਬੰਧਿਤ ਹਨ। ਇਹਨਾਂ ਸਹੂਲਤਾਂ ਦੀ ਘੱਟਦੀ ਉਪਲਬਧਤਾ ਦੇ ਕਾਰਣ ਜੀਵਨ ਦੀ ਗੁਣਵੱਤਾ ਘੱਟ ਹੋ ਜਾਂਦੀ ਹੈ।

II.ਪ੍ਰਤਿਭਾ ਪਲਾਯਨ :- ਦੇਸ਼ ਵਿੱਚ ਮਾਨਵ ਪੂੰਜੀ ਨਿਰਮਾਣ ਦੀ ਪ੍ਰਕ੍ਰਿਆ ਨੂੰ ਇੱਕ ਗੰਭੀਰ ਖਤਰਾ ਉਹਨਾਂ ਵਿਅਕਤੀਆਂ ਤੋਂ ਹੈ ਜੋ ਭਾਰਤ ਵਿੱਚ ਜਨਮੇ ਅਤੇ ਇੱਥੋਂ ਹੀ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਕਰਨ ਦੇ ਬਾਅਦ ਵਿਕਸਿਤ ਦੇਸ਼ਾਂ ਨੂੰ ਚਲੇ ਜਾਂਦੇ ਹਨ। ਉੱਚ ਯੋਗਤਾ ਪ੍ਰਾਪਤ ਇਹ ਵਿਅਕਤੀ ਅਧਿਕਤਰ ਵਿਿਗਆਨੀ, ਪਸ਼ਾਸਕ, ਇੰਜੀਨਿਅਰ, ਡਾਕਟਰ, ਸਿੱਖਿਆ ਸ਼ਾਸਤਰੀ, ਪ੍ਰੋਫੈਸਰ, ਆਦਿ ਹੁੰਦੇ ਹਨ। ਇਹਨਾਂ ਪ੍ਰਤਿਭਾਸ਼ਾਲੀ ਵਿਅਕਤੀਆਂ ਦੇ ਅਪਣੇ ਦੇਸ਼ ਤੋਂ ਦੂਜੇ ਦੇਸ਼ਾਂ ਵਿੱਚ ਸਾਡੇ ਦੇਸ਼ ਦੇ ਮਾਨਵ ਪੂੰਜੀ ਨਿਰਮਾਣ ਦੀ ਕਿਰਿਆ ਲਈ ਬਹੁਤ ਵੱਡਾ ਘਾਟਾ ਹੈ।

III. ਤਰੁਟੀਪੂਰਨ ਮਾਨਵ ਸ਼ਕਤੀ ਨਿਯੋਜਨ :- ਦੇਸ਼ ਵਿੱਚ ਨਿਰੰਤਰ ਵੱਧ ਰਹੇ ਕਿਰਤ ਬਲ ਦੀ ਮੰਗ ਅਤੇ ਪੂਰਤੀ ਦੇ ਵਿੱਚ ਸੰਤੁਲਨ ਬਣਾਏ ਰੱਖਣ ਹੇਤੁ ਪਰਿਆਪਤ ਯਤਨ ਨਹੀਂ ਕੀਤੇ ਗਏ ਹਨ। ਸਿੱਟੇ ਵਜੋਂ ਭਾਰਤ ਨੂੰ ਪੜ੍ਹੇ-ਲਿਖੇ ਲੋਕਾਂ ਦੀ ਬੇਰੁਜ਼ਗਾਰੀ ਨਾਲ ਸੰਬੰਧੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਨਵ ਸ਼ਕਤੀ ਅਤੇ ਕੌਸ਼ਲ ਦੇ ਬੇਫਜੂਲ ਖਰਚ ਦੀ ਇਹ ਦੁਖਦ ਅਲੋਚਨਾ ਹੈ।

IV. ਪ੍ਰਾਥਮਿਕ ਖੇਤਰ ਵਿੱਚ ਕੰਮ ਦੇ ਦੌਰਾਨ ਸਿਖਲਾਈ ਦੀ ਕਮੀ- ਪ੍ਰਾਥਮਿਕ ਖੇਤਰ ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ ਪਰੰਤੂ ਬਦਕਿਸਮਤੀ ਨਾਲ ਇਸਦੇ ਪੇਸ਼ੇਵਰ ਕੌਸ਼ਲ ਖੇਤਰ ਵੱਲ ਉਨ੍ਹਾਂ ਧਿਆਨ ਨਹੀਂ ਦਿੱਤਾ ਜਾਂਦਾ ਜਿਨਾਂ ਹੋਣਾ ਚਾਹੀਦਾ ਸੀ।ਪ੍ਰਾਥਮਿਕ ਖੇਤਰ ਵਿਚ ਪਰੰਪਰਾਗਤ ਵਿਚਾਰਾ ਦਾ ਬੋਲਬਾਲਾ ਹੈ ਅਤੇ ਨੌਕਰੀ ਦੇ ਦੌਰਾਨ ਟ੍ਰੇਨਿੰਗ ਬਹੁਤ ਘੱਟ ਹੈ ਜਾਂ ਨਾ ਦੇ ਬਰਾਬਰ ਹੈ। ਇਸ ਤਰ੍ਹਾਂ ਪ੍ਰਾਥਮਿਕ ਖੇਤਰ ਵਿੱਚ ਮਾਨਵ ਪੂੰਜੀ ਨਿਰਮਾਣ ਦੀ ਕਮੀ ਇੱਕ ਸੰਤੋਸ਼ਜਨਕ ਵਿਸ਼ਾ ਹੈ।

V. ਨਿਮਨ ਸਿੱਖਿਆ ਮਾਨਕ:- ਉੱਚ ਸਿੱਖਿਆ ਨੂੰ ਫੈਲਾਉਣ ਦੇ ਜੁਨੂਨ ਵਿੱਚ ਅਸੀਂ ਸਿੱਖਿਅਕ ਮਾਨਕਾਂ ਦੀ ਪਰਵਾਹ ਕੀਤੇ ਬਿਨ੍ਹਾਂ ਅੰਧਾਧੁਨ ਵਿਸ਼ਵਵਿਦਿਆਲਿਆਂ ਦੀ ਸਥਾਪਨਾ ਕੀਤੀ ਜਾ ਰਹੀ ਹੈ।ਸਿੱਟੇ ਵਜੋਂ ਪੜ੍ਹੇ ਲਿਖੇ ਸਿੱਖਿਅਕ ਲੋਕਾਂ ਦੀ ਸਾਡੇ ਦੇਸ਼ ਵਿੱਚ ਫੌਜ ਇਕੱਠੀ ਹੋ ਗਈ ਹੈ। ਪਰ ਇਨ੍ਹਾਂ ਵਿੱਚ ਕੌਸ਼ਲ ਅਤੇ ਨਿਪੁੰਨ ਲੋਕਾਂ ਦੀ ਕਮੀ ਪਾਈ ਜਾਂਦੀ ਹੈ। ਜਿਸ ਦਾ ਮੁੱਖ ਕਾਰਨ ਸਿੱਖਿਆ ਦਾ ਨਿਮਨ ਮਾਨਕ ਅਤੇ ਕਿੱਤਾ ਮੁਖੀ ਨਾ ਹੋਣਾ ਹੈ।

ਪ੍ਰਸ਼ਨ :- ਪੇਂਡੂ ਸਾਖ ਤੋਂ ਕੀ ਸਮਝਦੇ ਹੋ?

ਉੱਤਰ :- ਪੇਂਡੂ ਸਾਖ ਤੋਂ ਭਾਵ ਕਿਸਾਨਾਂ ਦੀਆਂ ਉਨ੍ਹਾਂ ਲੋੜਾਂ ਤੋਂ ਹੈ ਜਿਸ ਦੁਆਰਾ ਉਹ ਖੇਤੀਬਾੜੀ ਦੀਆਂ ਲੋੜਾਂ ਦੀ ਪੂਰਤੀ ਨਾਲ ਸਬੰਧਿਤ ਬੀਜ਼ ਅਤੇ ਉਰਵਰਕਾਂ ਦੀ ਖਰੀਦ ਦੇ ਲਈ, ਮਜ਼ਦੂਰੀ ਦੇਣ ਦੇ ਲਈ ,ਔਜ਼ਾਰ ਅਤੇ ਯੰਤਰ ਖਰੀਦਣ ਦੇ ਲਈ, ਖੂਹ ਦਾ ਨਿਰਮਾਣ ਕਰਨ ਦੇ ਲਈ ਅਤੇ ਟ੍ਰੈਕਟਰਾਂ ਵਗੈਰਾ ਖਰੀਦਣ ਦੇ ਲਈ ਮੰਗ ਕਰਦੇ ਹਨ।

ਪ੍ਰਸ਼ਨ :- ਖੇਤਰੀ ਗ੍ਰਾਮੀਣ ਬੈਂਕ ਕਿਨ੍ਹਾਂ ਨੂੰ ਉਧਾਰ ਦਿੰਦੇ ਹਨ?

ਉੱਤਰ :- ਖੇਤਰੀ ਗ੍ਰਾਮੀਣ ਬੈਂਕਾਂ ਦਾ ਖਾਸ ਕਾਰਜ ਮੁੱਖ ਰੂਪ ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ, ਖੇਤੀ ਮਜ਼ਦੂਰਾਂ, ਕਾਰੀਗਰਾਂ ਅਤੇ ਛੋਟੇ ਉੱਦਮੀਆਂ ਨੂੰ ਕਰਜ਼ੇ ਦੇਣਾ ਅਤੇ ਹੋਰ ਸਹੂਲਤਾਂ ਦੇਣਾ ਹੈ। ਇਸਦੇ ਸਿੱਟੇ ਵਜੋਂ ਪਿੰਡਾਂ ਵਿੱਚ ਖੇਤੀਬਾੜੀ, ਵਪਾਰ, ਉਦਯੋਗ, ਅਤੇ ਹੋਰ ਉਤਪਾਦਨ ਕੰਮਾਂ ਦਾ ਵਿਕਾਸ ਹੋ ਸਕਿਆ।

ਪ੍ਰਸ਼ਨ :- ਖੇਤੀ ਸਾਖ ਦੀਆਂ ਸਮੱਸਿਆਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਓ?

ਉੱਤਰ :- ਖੇਤੀ ਸਾਖ ਦੀਆਂ ਸਮੱਸਿਆਵਾਂ ਹੇਠ ਲਿਖੇ ਅਨੁਸਾਰ ਹਨ:-

I. ਨਾ-ਕਾਫੀ ਉਪਲਬਧੀ:-ਖੇਤੀ ਦੀਆਂ ਲੋੜਾਂ ਨੂੰ ਦੇਖਦਿਆਂ ਹੋਇਆਂ ਖੇਤੀ ਸਾਖ ਦੀ ਉਪਲਬਧੀ ਕੋਈ ਜ਼ਿਆਦਾ ਨਹੀਂ ਹੈ। ਬੇਸ਼ਕ ਖੇਤੀ ਦੀ ਮਾਤਰਾ ਵਿੱਚ ਭਾਰੀ ਵਾਧਾ ਹੋਇਆ ਹੈ, ਪਰੰਤੂ ਜਨਸੰਖਿਆ ਵਿਚ ਵਾਧਾ ਅਤੇ ਖੇਤੀ ਉਪਕਰਣਾਂ, ਖਾਦ ਅਤੇ ਬੀਜਾਂ ਆਦਿ ਦੇ ਮੁੱਲ ਵਿੱਚ ਭਾਰੀ ਵਾਧੇ ਨੂੰ ਧਿਆਨ ਵਿਚ ਰੱਖ ਕੇ ਦੇਖਿਆ ਜਾਵੇ ਤਾਂ ਇਹ ਰਕਮ ਅਜੇ ਵੀ ਸਾਡੀਆਂ ਖੇਤੀ ਸਾਖ ਲੋੜਾਂ ਨੂੰ ਦੀ ਤੁਲਨਾ ਵਿੱਚ ਬਹੁਤ ਘੱਟ ਹੈ।

II.ਖੇਤੀ ਕਰਜ਼ਿਆਂ ਦੀ ਘੱਟ ਵਸੂਲੀ:- ਖੇਤੀ ਕਰਜ਼ਿਆਂ ਦੀ ਵਸੂਲੀ ਵਿੱਚ ਕਮੀ ਅਤੇ ਬਕਾਇਆ ਰਾਸ਼ੀ ਵਿੱਚ ਵਾਧੇ ਨੇ ਖੇਤੀ ਸਾਖ ਨੂੰ ਪ੍ਰਭਾਵਿਤ ਕੀਤਾ ਹੈ। ਪਿਛਲੇ 3-4 ਸਾਲਾਂ ਵਿੱਚ 40 ਤੋਂ 42 ਪ੍ਰਤੀਸ਼ਤ ਕਰਜ਼ਿਆਂ ਦੀ ਰਾਸ਼ੀ ਬਕਾਇਆ ਦੇ ਰੂਪ ਵਿੱਚ ਰਹੀ ਹੈ। ਇਸ ਨਾਲ ਸਹਿਕਾਰੀ ਸੰਸਥਾਵਾਂ ਅਤੇ ਬੈਂਕਾਂ ਨੂੰ ਹੋਰਨਾ ਵਿਅਕਤੀਆਂ ਨੂੰ ਖੇਤੀ ਸਾਖ ਸਹੂਲ਼ਤਾਂ ਦੇਣ ਵਿੱਚ ਰੁਕਾਵਟ ਆਈ ਹੈ।

III. ਗਰੀਬ ਕਿਸਾਨਾਂ ਨੂੰ ਘੱਟ ਸਾਖ:- ਖੇਤੀ ਸਾਖ ਦਾ ਲਾਭ ਅਕਸਰ ਉਨ੍ਹਾਂ ਕਿਸਾਨਾਂ ਨੂੰ ਨਹੀਂ ਮਿਲਦਾ ਜਿਨ੍ਹਾਂ ਨੂੰ ਅਸਲ ਵਿੱਚ ਲੋੜ ਹੁੰਦੀ ਹੈ। ਜ਼ਿਆਦਾਤਰ ਕਰਜ਼ੇ ਅਮੀਰ ਅਤੇ ਪ੍ਰਭਾਵਸ਼ਾਲੀ ਕਿਸਾਨ ਪ੍ਰਾਪਤ ਕਰ ਲੈਂਦੇ ਹਨ। ਇਸਦੇ ਸਿੱਟੇ ਵਜੋਂ ਜਿਥੇ ਇੱਕ ਪਾਸੇ ਕਰਜ਼ਿਆਂ ਦੀ ਵਸੂਲੀ ਵਿੱਚ ਵਾਧਾ ਹੁੰਦਾ ਹੈ। ਉੱਥੇ ਅਸਲ ਵਿੱਚ ਜ਼ਰੂਰਤਮੰਦ ਕਿਸਾਨਾਂ ਨੂੰ ਕਰਜ਼ਾ ਨਹੀਂ ਮਿਲਦਾ।

IV. ਕਰਜ਼ਿਆਂ ਦੀ ਨਾ-ਕਾਫੀ ਮਾਤਰਾ:- ਖੇਤੀ ਸਾਖ ਦੀ ਇੱਕ ਮੁੱਖ ਸਮੱਸਿਆ ਕਰਜ਼ਿਆਂ ਦੀ ਮਾਤਰਾ ਬਹੁਤ ਘੱਟ ਹੈ। ਅਕਸਰ ਇਹ ਦੇਖਿਆ ਗਿਆ ਹੈ ਕਿ ਕਿਸਾਨਾਂ ਨੂੰ ਕਰਜ਼ੇ ਨਹੀਂ ਮਿਲਦੇ ਹਨ। ਇਸ ਕਾਰਣ ਉਸ ਕਰਜ਼ੇ ਦਾ ਉਪਯੋਗ ਉਹ ਖੇਤੀ ਦੇ ਕੰਮਾਂ ਵਿੱਚ ਨਾ ਕਰਕੇ ਆਪਣੀਆਂ ਸਮਾਜਿਕ ਲੋੜਾਂ ਦੀ ਪੂਰਤੀ ਵਿੱਚ ਲਗਾ ਦਿੰਦੇ ਹਨ।ਇਸਦੇ ਕਾਰਨ ਖੇਤੀ ਸਾਖ ਦਾ ਉਦੇਸ਼ ਪੂਰਾ ਨਹੀਂ ਹੁੰਦਾ।

ਪ੍ਰਸ਼ਨ :- ਪੇਂਡੂ ਸਾਖ ਦੇ ਗੈਰ-ਸੰਸਥਾਗਤ ਸ੍ਰੋਤਾਂ ਬਾਰੇ ਜਾਣਕਾਰੀ ਦਿਓ?

ਉੱਤਰ :- ਪਿੰਡਾਂ ਵਿੱਚ ਮਹਾਜਨ ਜਾਂ ਗੈਰ-ਸੰਸਥਾਗਤ ਸ੍ਰੋਤ ਸਾਖ ਦੇ ਮੁੱਖ ਸੋਮੇ ਹਨ। ਅੱਜ ਵੀ 15% ਤੋਂ ਵੱਧ ਸਾਖ ਮਹਾਜਨਾਂ, ਵਪਾਰੀਆਂ, ਸ਼ਾਹੂਕਾਰਾਂ ਦੁਆਰਾ ਦਿੱਤੇ ਜਾਂਦੇ ਹਨ।ਪੇਂਡੂ ਸਾਖ ਦੇ ਗੈਰ-ਸੰਸਥਾਗਤ ਸ੍ਰੋਤਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ :-

I. ਸ਼ਾਹੂਕਾਰ:- ਪਿੰਡਾਂ ਵਿੱਚ ਸ਼ਾਹੂਕਾਰ ਕਿਸਾਨਾਂ ਲਈ ਸਾਖ ਦੇ ਗੈਰ-ਸੰਸਥਾਗਤ ਸਾਖ ਦੇ ਸ੍ਰੋਤ ਹਨ। 1951-52 ਵਿੱਚ 69.2% ਸਾਖ ਕਿਸਾਨਾਂ ਨੂੰ ਇਨ੍ਹਾਂ ਤੋਂ ਪ੍ਰਾਪਤ ਹੁੰਦਾ ਸੀ। ਜੋ ਕਿ ਹੁਣ ਘੱਟ ਕੇ 25% ਹੋ ਗਿਆ। ਸ਼ਾਹੂਕਾਰ ਵੱਧ ਵਿਆਜ ਦਰਾਂ ਤੇ ਮਹਿੰਗਾ ਕਰਜ਼ਾ ਦਿੰਦੇ ਹਨ।

II. ਵਪਾਰੀ ਅਤੇ ਆੜ੍ਹਤੀ :-ਵਪਾਰੀ ਅਤੇ ਆੜ੍ਹਤੀ ਵੀ ਗੈਰ-ਸੰਸਥਾਗਤ ਸਾਖ ਦੇ ਮੁੱਖ ਸੋਮੇ ਹਨ। ਇਹ ਵਪਾਰੀ ਕਿਸਾਨਾਂ ਦੀਆਂ ਫਸਲਾਂ ਦੀ ਖਰੀਦ ਵੀ ਕਰਦੇ ਹਨ।ਅਤੇ ਕਿਸਾਨਾਂ ਦੀ ਉਧਾਰ ਲਈ ਸਾਖ ਨੂੰ ਅੱਗੇ ਵਧਾਉਂਦੇ ਹਨ। ਵਪਾਰੀਆਂ ਅਤੇ ਆੜ੍ਹਤੀਆਂ ਦੁਆਰਾ 1960-61 ਵਿੱਚ 8.8% ਸੀ, ਜੋ ਕਿ ਹੁਣ ਘੱਟ ਕੇ 3% ਰਹਿ ਗਈ ਹੈ।

III. ਰਿਸ਼ਤੇਦਾਰ:- ਕਈ ਵਾਰ ਕਿਸਾਨ ਆਪਣੇ ਅਮੀਰ ਰਿਸ਼ਤੇਦਾਰਾਂ ਤੋਂ ਵੀ ਉਧਾਰ ਲੈਂਦੇ ਹਨ। ਰਿਸ਼ਤੇਦਾਰਾਂ ਤੋਂ ਕਰਜ਼ਾ ਲੈਣ ਨਾਲ ਕਿਸਾਨਾਂ ਦੀ ਦੂਜੇ ਗੈਰ-ਸੰਸਥਾਗਤ ਸਾਖ ਸ੍ਰੋਤਾਂ ਦੇ ਧੋਖੇ ਤੋਂ ਬਚਿਆ ਜਾ ਸਕਦਾ ਹੈ।ਇਸ ਲਈ 1960-61 ਵਿੱਚ 8 ਪ੍ਰਤੀਸ਼ਤ ਕਰਜਾ ਰਿਸ਼ਤੇਦਾਰਾਂ ਤੋਂ ਲਿਆ ਜਾਂਦਾ ਸੀ।

IV.ਵੱਡੇ ਧਨਵਾਨ:- ਪਿੰਡਾਂ ਵਿੱਚ ਵੱਡੇ-ਵੱਡੇ ਜਗੀਰਦਾਰ,ਧਨਵਾਨ ਲੋਕ ਵੀ ਕਿਸਾਨਾਂ ਦੇ ਗੈਰ-ਸੰਸਥਾਗਤ ਸਾਖ ਦੇ ਸ੍ਰੋਤ ਹੁੰਦੇ ਹਨ। ਇਹ ਫਸਲਾਂ ਦੀ ਬਿਜਾਈ ਸਮੇਂ ਉਧਾਰ ਦਿੰਦੇ ਸਨ। ਪਰ ਇਹ ਕਿਸਾਨਾਂ ਨਾਲ ਕਈ ਵਾਰ ਧੋਖਾਂ ਜਾਂ ਉਨ੍ਹਾਂ ਦਾ ਸ਼ੋਸਣ ਕਰਦੇ ਸਨ।

ਪ੍ਰਸ਼ਨ :- ਪੇਂਡੂ ਸਾਖ ਦੇ ਸੰਸਥਾਗਤ ਸ੍ਰੋਤਾਂ ਦਾ ਵਿਸਥਾਰ ਸਾਹਿਤ ਵਿਆਖਿਆ ਕਰੋ?

ਉੱਤਰ :- ਪੇਂਡੂ ਵਿੱਤ ਦੇ ਸੰਸਥਾਗਤ ਸਾਧਨ ਸਹਿਕਾਰੀ ਸਮਿਤੀਆਂ, ਭੂਮੀ ਵਿਕਾਸ ਬੈਂਕ, ਵਪਾਰਿਕ ਬੈਂਕ, ਖੇਤਰੀ ਪੇਂਡੂ ਬੈਂਕ ਆਦਿ ਹਨ। ਇਨ੍ਹਾਂ ਸਾਧਨਾਂ ਤੋਂ ਭਿੰਨ-ਭਿੰਨ ਸਾਲਾਂ ਵਿੱਚ ਖੇਤੀਬਾੜੀ ਸਾਖ ਪ੍ਰਾਪਤ ਹੋਈ ਹੈ। ਪੇਂਡੂ ਸਾਖ ਦੇ ਸੰਸਥਾਗਤ ਸ੍ਰੋਤ ਹੇਠ ਲਿਖੇ ਅਨੁਸਾਰ ਹਨ:-

1.ਸਹਿਕਾਰੀ ਸਮਿਤੀਆਂ :- ਸਹਿਕਾਰੀ ਸਮਿਤੀਆਂ ਖੇਤੀ ਸਾਖ ਦਾ ਇਕ ਮਹੱਤਵਪੂਰਨ ਸਾਧਨ ਹਨ। ਪੇਂਡੂ ਸਾਖ ਦੀ ਲਗਭਗ 17% ਲੋੜ ਸਹਿਕਾਰੀ ਸਾਖ ਦੁਆਰਾ ਪੂਰੀ ਕੀਤੀ ਜਾਂਦੀ ਹੈ। (ੳ) ਖੇਤੀ ਸਹਿਕਾਰੀ ਸਾਖ ਸਮਿਤੀਆਂ ਖੇਤੀ ਨੂੰ ਅਲਪਵਿਕਸਿਤ ਕਰਜ਼ੇ ਦਿੰਦੀਆਂ ਹਨ। ਪੰਜ ਸਾਲਾਂ ਯੋਜਨਾਵਾਂ ਦੀ ਅਵਧੀ ਵਿੱਚ ਇਨ੍ਹਾਂ ਸਮਿਤੀਆਂ ਨੇ ਕਾਫੀ ਪ੍ਰਗਤੀ ਕੀਤੀ ਹੈ।ਆਜ਼ਾਦੀ ਸਮੇਂ ਇਨ੍ਹਾਂ ਸਮਿਤੀਆਂ ਦੇ ਅਧੀਨ ਸਿਰਫ 9% ਅਤੇ ਹੁਣ 90% ਜਨਸੰਖਿਆ ਹੈ।

(ਅ) ਗ੍ਰਾਮੀਣ ਵਿਕਾਸ ਬੈਂਕ ਕਿਸਾਨਾਂ ਦੀ ਭੂਮੀ ਰੱਖ ਕੇ 15 ਤੋਂ 20 ਸਾਲ ਤੱਕ ਟਿਊਬਵੈਲ, ਟ੍ਰੈਕਟਰ ਆਦਿ ਦੇ ਕੰਮਾਂ ਲਈ ਕਰਜ਼ੇ ਦਿੰਦੇ ਹਨ।1950-51 ਵਿੱੱਚ ਦੇਸ਼ ਵਿੱਚ 5 ਕੇਂਦਰੀ ਭੂਮੀ ਵਿਕਾਸ ਬੈਂਕ ਅਤੇ 286 ਪ੍ਰਾਥਮਿਕ ਭੂਮੀ ਵਿਕਾਸ ਬੈਂਕ ਸਨ।ਇਸ ਸਮੇਂ 19 ਕੇਂਦਰੀ ਭੂਮੀ ਵਿਕਾਸ ਬੈਂਕਾਂ ਅਤੇ 745 ਪ੍ਰਾਥਮਿਕ ਵਿਕਾਸ ਬੈਂਕਾ ਹਨ।

2.ਵਪਾਰਕ ਬੈਂਕ :- ਸਾਲ 1969 ਤੋਂ ਪਹਿਲਾਂ ਵਪਾਰਕ ਬੈਂਕ ਖੇਤੀ ਸਾਖ ਦਾ ਸਿਰਫ 0.9% ਹਿੱਸਾ ਦਿੰਦੇ ਸਨ ਪਰੰਤੂ 1969 ਵਿੱਚ 14 ਬੈਂਕਾਂ ਦੇ ਰਾਸ਼ਟਰੀਕਰਨ ਅਤੇ 1980 ਵਿੱਚ 6 ਬੈਂਕਾ ਦੇ ਰਾਸ਼ਟਰੀਕਰਨ ਪਿਛੋਂ ਸੰਗਠਿਤ ਖੇਤਰ ਦੀ ਖੇਤੀ ਸਾਖ ਵਿੱਚ ਬੈਂਕਾ ਦੁਆਰਾ ਗਈ ਸਾਖ ਦਾ ਅਨੁਪਾਤ ਬਹੁਤ ਵੱਧ ਗਿਆ ਹੈ।ਰਾਸ਼ਟਰੀਕਰਣ ਪਿੱਛੋ ਬੈਂਕਾ ਨੇ ਪਿੰਡਾ ਵਿੱਚ ਕਾਫੀ ਸੰਖਿਆ ਵਿੱਚ ਨਵੀਆਂ ਸ਼ਾਖਾਵਾਂ ਖੋਲੀਆਂ ਹਨ। ਸਾਲ 1969 ਤੱਕ ਵਪਾਰਿਕ ਬੈਂਕਾ ਦੁਆਰਾ ਦਿੱਤੇ ਗਏ ਕੁੱਲ ਕਰਜ਼ਿਆਂ ਵਿੱਚ ਖੇਤੀ ਦਾ 5.5% ਸੀ। 2008 ਵਿੱਚ ਖੇਤੀ ਸਾਖ ਦਾ ਹਿੱਸਾ ਵੱਧ ਕੇ 78% ਹੋ ਗਿਆ।

3.ਖੇਤਰੀ ਗ੍ਰਾਮੀਣ ਬੈਂਕ:- ਮਹਾਤਮਾ ਗਾਂਧੀ ਦੇ ਜਨਮ ਦਿਨ 2 ਅਕਤੂਬਰ 1975 ਨੂੰ ਪੇਂਡੂ ਸਾਖ ਦੇਣ ਲਈ ਇਕ ਨਵੀਂ ਏਜੰਸੀ ਖੇਤਰੀ ਗ੍ਰਾਮੀਣ ਬੈਂਕ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਬੈਂਕਾ ਦਾ ਖਾਸ ਕਾਰਜ਼ ਮੁੱਖ ਰੂਪ ਨਾਲ ਛੋਟੇ ਅਤੇ ਸੀਮਾਂਤ ਕਿਸਾਨਾਂ, ਖੇਤੀ ਮਜ਼ਦੂਰਾਂ, ਕਾਰੀਗਰਾਂ ਅਤੇ ਛੋਟੇ ਉੱਦਮੀਆਂ ਨੂੰ ਕਰਜ਼ੇ ਦੇਣਾ ਅਤੇ ਹੋਰ ਸਹੂਲਤਾਂ ਦੇਣਾ ਹੈ। ਇਸਦੇ ਸਿੱਟੇ ਵਜੋਂ ਪਿੰਡਾਂ ਵਿੱਚ ਖੇਤੀਬਾੜੀ, ਵਪਾਰ, ਉਦਯੋਗ ਅਤੇ ਉਤਪਾਦਨ ਕੰਮਾਂ ਦਾ ਵਿਕਾਸ ਹੋ ਸਕਿਆ ਹੈ। ਇਸ ਸਮੇਂ ਇਨ੍ਹਾਂ ਬੈਂਕਾਂ ਦੀ ਸੰਖਿਆ 56 ਹੋ ਗਈ ਹੈ, ਜਿਸਦੀਆਂ 15,475 ਸ਼ਖਾਵਾਂ ਹਨ। 2018-19 ਦੌਰਾਨ ਇਨਾਂ ਬੈਂਕਾਂ ਰਾਂਹੀ ਦਿੱਤੇ ਗਏ ਕੁੱਲ ਰਿਣ ਵੱਧ ਕੇ 1,51,258 ਕਰੋੜ ਹੋ ਗਏ।

4.ਸਟੇਟ ਬੈਂਕ ਅਤੇ ਖੇਤੀ ਸਾਖ :- ਸਾਲ 1955 ਵਿੱਚ ਸਟੇਟ ਬੈਂਕ ਦੀ ਸਥਾਪਨਾ ਮੁੱਖ ਰੂਪ ਨਾਲ ਪੇਂਡੂ ਸਾਖ ਦੀ ਏਕੀਕ੍ਰਿਤ ਯੋਜਨਾ ਨੂੰ ਲਾਗੂ ਕਰਨ ਲਈ ਕੀਤੀ ਗਈ ਸੀ। ਇਹ ਬੈਂਕ ਕਈ ਤਰ੍ਹਾਂ ਨਾਲ ਕਿਸਾਨਾਂ ਦੀ ਸਹਾਇਤਾ ਕਰਦਾ ਹੈ।(ੳ) ਇਸ ਬੈਂਕ ਨੇ ਕਿਸਾਨਾਂ ਵਿੱਚ ਬੈਕਿੰਗ ਪ੍ਰਵ੍ਰਿਤੀ ਦਾ ਵਿਕਾਸ ਕਰਨ ਲਈ ਛੋਟੇ ਕਸਬਿਆਂ ਅਤੇ ਮੰਡੀਆਂ ਵਿੱਚ ਅਪਣੀ ਸ਼ਾਖਾਵਾਂ ਖੋਲੀਆਂ ਹਨ (ਅ) ਇਸ ਬੈਂਕ ਨੇ ਖੇਤੀ ਨੂੰ ਵਧੇਰੇ ਕਰਜ਼ੇ ਦੇਣ ਲਈ ਡਲਿਲਓਗਇ ਅਦੋਪਟੋਿਨ ਯੋਜਨਾ ਨੂੰ ਲਾਗੂ ਕੀਤਾ ਹੈ। (ੲ) ਇਹ ਬੈਂਕ ਸਹਿਕਾਰੀ ਸਮਿਤੀਆਂ ਨੂੰ ਘੱਟ ਵਿਆਜ ਤੇ ਰੁਪਿਆ ਉਧਾਰ ਦਿੰਦਾ ਹੈ।

5.ਰਾਸ਼ਟਰੀ ਖੇਤੀ ਅਤੇ ਪੇਂਡੂ ਵਿਕਾਸ ਬੈਂਕ ਜਾਂ ਨਾਬਾਰਡ 6.ਕਿਸਾਨ ਕ੍ਰੇਡਿਟ ਕਾਰਡ ਯੋਜਨਾ 7. ਖੇਤਰੀ ਬੈਂਕ

ਪ੍ਰਸ਼ਨ :- ਬੇਰੁਜ਼ਗਾਰੀ ਦਾ ਅਰਥ ਦੱਸੋ?

ਉੱਤਰ :- ਅਰਥਸ਼ਾਸਤਰ ਵਿੱਚ ਬੇਰੁਜ਼ਗਾਰੀ ਤੋਂ ਭਾਵ ਇੱਕ ਅਜਿਹੀ ਅਵਸਥਾ ਤੋਂ ਹੈ ਜਿਸ ਵਿੱਚ ਮਨੁੱਖ ਵਰਤਮਾਨ ਮਜ਼ਦੂਰੀ ਦੀ ਦਰ ਤੇ ਕੰਮ ਕਰਨ ਨੂੰ ਤਿਆਰ ਹਨ ਪਰ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ ਹੈ। ਕਿਸੇ ਦੇਸ਼ ਵਿੱਚ ਬੇਰੁਜ਼ਗਾਰੀ ਦੀ ਅਵਸਥਾ ਹੈ ਜਿਸ ਵਿੱਚ ਦੇਸ਼ ਵਿੱਚ ਬਹੁਤ ਸਾਰੇ ਕੰਮ ਕਰਨ ਯੋਗ ਮਨੁੱਖ ਹਨ ਅਤੇ ਉਹ ਵਰਤਮਾਨ ਮਜ਼ਦੂਰੀ ਤੇ ਕੰਮ ਕਰਨ ਲਈ ਤਿਆਰ ਹਨ ਪਰ ਉਨ੍ਹਾਂ ਨੂੰ ਕਈ ਕਾਰਣਾਂ ਤੋਂ ਕੰਮ ਨਹੀਂ ਮਿਲ ਰਿਹਾ ਹੈ।

ਪ੍ਰਸ਼ਨ :- ਅਲਪ ਰੁਜ਼ਗਾਰ ਕੀ ਹੈ?

ਉੱਤਰ :- ਅਲਪਰੁਜ਼ਗਾਰ ਦੀ ਅਵਸਥਾ ਉਹ ਸਥਿਤੀ ਹੈ ਜਿਸ ਵਿੱਚ ਇੱਕ ਮਜ਼ਦੂਰ ਨੂੰ ਜਿੰਨਾ ਸਮਾਂ ਕੰਮ ਕਰਨਾ ਚਾਹੀਦਾ ਹੈ ਉਸ ਤੋਂ ਘੱਟ ਕੰਮ ਮਿਲਦਾ ਹੈ, ਅਰਥਾਤ ਉਸਨੂੰ ਸਾਲ ਵਿੱਚ ਕੁੱਝ ਮਹੀਨੇ ਜਾਂ ਹਰੇਕ ਦਿਨ ਵਿਚੋਂ ਕੁੱਝ ਘੰਟੇ ਬੇਕਾਰ ਰਹਿਣਾ ਪੈਂਦਾ ਹੈ। ਜੇਕਰ ਇੱਕ ਵਿਅਕਤੀ ਨੂੰ ਸਾਲ ਵਿੱਚ 273 ਦਿਨ ਅਤੇ 8 ਘੰਟੇ ਪ੍ਰਤੀਦਿਨ ਕੰਮ ਮਿਲਦਾ ਹੈ ਤਾਂ ਉਸਨੂੰ ਅਲਪ-ਰੁਜ਼ਗਾਰ ਕਿਹਾ ਜਾਵੇਗਾ।

ਪ੍ਰਸ਼ਨ :- ਨੌਕਰੀ ਰਹਿਤ ਵਾਧੇ ਤੋਂ ਕੀ ਭਾਵ ਹੈ?

ਉੱਤਰ :- ਨੌਕਰੀ-ਰਹਤਿ ਵਾਧੇ ਦੀ ਸਥਤਿੀ ਉਹ ਸਥਤਿੀ ਹੈ ਜਸਿਦੇ ਅੰਤਰਗਤ ਅਰਥਵਵਿਸਥਾ ਵਿੱਚ ਨਵੀਆਂ ਤਕਨੀਕਾਂ ਦੁਆਰਾ ਉਤਪਾਦਨ ਦਾ ਪਧਰ ਤਾਂ ਵਧਦਾ ਹੈ ਪਰੰਤੂ ਰੁਜ਼ਗਾਰ ਦੇ ਮੌਕਆਿਂ ਵਿੱਚ ਕੋਈ ਪ੍ਰਤੱਖ ਵਾਧਾ ਨਹੀਂ ਹੁੰਦਾ ਹੈ। ਨੌਕਰੀ-ਰਹਤਿ ਵਾਧੇ ਦੇ ਕਾਰਣ ਚਰਿਕਾਲੀਨ ਬੇਰੁਜ਼ਗਾਰ ਹੁੰਦੀ ਹੈ, ਬੇਸ਼ਕ ਕੁੱਲ ਘਰੇਲੂ ਉਤਪਾਦ (GDP) ਵਿੱਚ ਵਾਧਾ ਹੁੰਦਾ ਹੈ।

ਪ੍ਰਸ਼ਨ :- ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਦਾ ਕਾਰਣਾਂ ਦਾ ਵਿਸਥਾਰਪੂਰਵਕ ਵਰਨਣ ਕਰੋ।

ਉੱਤਰ :- ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਦੇ ਮੁੱਖ ਕਾਰਣ ਹੇਠ ਲਿਖੇ ਹਨ:-

1.ਧੀਮਾ ਆਰਥਿਕ ਵਿਕਾਸ 2.ਜਨਸੰਖਿਆ ਵਿੱਚ ਤੇਜ ਵਾਧਾ 3. ਖੇਤੀ ਇਕ ਮੌਸਮੀ ਉਦਯੋਗ

4.ਸਿੰਜਾਈ ਸਹੂਲਤਾਂ ਦੀ ਕਮੀ 5.ਸੰਯੁਕਤ ਪਰਵਿਾਰ ਪ੍ਰਣਾਲੀ 6. ਯੂਨੀਵਰਸਿਟੀਆਂ ਦਾ ਵਿਸਥਾਰ

7. ਛੋਟੇ ਅਤੇ ਕੁਟੀਰ ਉਦੋਯਗਾਂ ਦਾ ਪਤਨ 8. ਮਜ਼ਦੂਰਾਂ ਦੀ ਗਤੀਸ਼ੀਲਤਾ

ਪ੍ਰਸ਼ਨ :- ਸਥਾਈ ਵਿਕਾਸ ਦੀ ਪਰਿਭਾਸ਼ਾ ਦਿਉ?

ਉੱਤਰ :- ਧਾਰਣੀ ਵਿਕਾਸ ਦਾ ਅਰਥ ਹੈ ਕਿ ਇੱਕ ਅਰਥਵਿਵਸਥਾ ਦੀ ਪ੍ਰਤੀ ਵਿਅਕਤੀ ਆਮਦਨ ਜਾਂ ਉਤਪਾਦ ਦੀ ਗੁਣਵਤਾ ਬਣੀ ਰਹਿ ਸਕੇ ਜਿਸਦੇ ਵਰਤਮਾਨ ਅਤੇ ਆਉਣ ਵਾਲੀ ਪੀੜੀ ਨੂੰ ਅਧਿਕਤਮ ਸ਼ੁੱਧ ਲਾਭ ਪ੍ਰਾਪਤ ਹੋ ਸਕੇ। ਧਾਰਣੀ ਵਿਕਾਸ ਦਾ ਭਾਵ ਵਿਕਾਸ ਦੀ ਉਹ ਰਣਨੀਤੀ ਹੈ ਜੋ ਸਭ ਕੁਦਰਤੀ, ਮਨੁੱਖੀ, ਵਿੱਤੀ ਅਤੇ ਭੌਤਿਕ ਸਾਧਨਾਂ ਦਾ ਸੰਪਤੀ ਅਤੇ ਆਰਥਿਕ ਕਲਿਆਣ ਵਿੱਚ ਦੀਰਘਕਾਲੀਨ ਵਾਧਾ ਕਰਨ ਲਈ ਪ੍ਰਬੰਧ ਕਰਦੀ ਹੈ।

ਪ੍ਰਸ਼ਨ :- ਵਾਤਾਵਰਨ ਦੀ ਪਰਿਭਾਸ਼ਾ ਦਿਉ?

ਉੱਤਰ :- ਵਾਤਾਵਰਨ ਤੋਂ ਭਾਵ ਉਨ੍ਹਾਂ ਪ੍ਰਸਥਿਤੀਆਂ ਅਤੇ ਉਨ੍ਹਾਂ ਦੇ ਪ੍ਰਭਾਵਾਂ ਨਾਲ ਹੈ ਜੋ ਕਿਸੇ ਵੀ ਸਥਾਨ ਤੇ ਕਿਸੇ ਵੀ ਸਮੇਂ ਮਨੁੱਖ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਵਾਤਰਵਰਨ ਵਿੱਚ ਉਹ ਸਾਰੇ ਤੱਤਾਂ ਨੂੰ ਸ਼ਾਮਿਲ ਕੀਤੇ ਜਾਂਦੇ ਹਨ, ਜੋ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੇ ਹਨ। ਵਾਤਾਵਰਣ ਸੰਰਖਣ ਕਾਨੂੰਨ 1986 ਦੇ ਅਨੁਸਾਰ ਵਾਤਾਵਰਨ ਦੇ ਅਧੀਨ ਜਲ, ਹਵਾ ਅਤੇ ਭੂਮੀ ਨੂੰ ਮਨੁੱਖਾਂ ਅਤੇ ਹੋਰ ਜੀਵਿਤ ਪ੍ਰਾਣੀਆਂ, ਪੌਦਿਆ, ਸੂਖਮ ਜੀਵਾਂ, ਅਤੇ ਸੰਪਤੀ ਵਿੱਚ ਪਾਏ ਜਾਣ ਵਾਲੇ ਅੰਤਰ-ਸਬੰਧ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਪ੍ਰਸ਼ਨ :- ਗਲੋਬਲ ਵਾਰਮਿੰਗ ਤੋਂ ਕੀ ਭਾਵ ਹੈ?

ਉੱਤਰ :- ਗਲੋਬਲ ਵਾਰਮਿੰਗ ਤੋਂ ਭਾਵ ਧਰਤੀ ਦੇ ਤਾਪਮਾਨ ਵਿੱਚ ਹੋਲੀ ਪਰ ਲਗਾਤਾਰ ਵਾਧੇ ਨਾਲ ਹੈ। ਵੈਸ਼ਵਿਕ ਤਾਪਮਾਨ ਵਾਤਾਵਰਣ ਪ੍ਰਦੂਸ਼ਣ ਅਤੇ ਜੰਗਲਾਂ ਦੀ ਕਟਾਈ ਦੇ ਕਾਰਣ ਸਾਲ ਦਰ ਸਾਲ ਵੱਧਦਾ ਜਾ ਰਿਹਾ ਹੈ। ਗ੍ਰੀਨ ਹਾਉਸ ਗੈਸਾਂ ਦੇ ਨਿਕਲਣ ਨਾਲ ਧਰਤੀ ਦੀ ਸਤਿਹ ਤੇਜੀ ਨਾਲ ਗਰਮ ਹੋ ਰਹੀ ਹੈ। ਪਿਛਲੀ ਸ਼ਤਾਬਦੀ ਵਿੱਚ 0.60% ਧਰਤੀ ਦੇ ਤਾਪਮਾਨ ਵਿੱਚ ਵਾਧਾ ਹੋਇਆ ਹੈ। ਗਰਮ ਤਾਪਮਾਨ ਕਾਰਨ ਧਰੁਵਾਂ ਬਰਫ ਨੂੰ ਪਿਘਲਾਂਉਦੀ ਹੈ ਤਾਂ ਸੁਮੰਦਰ ਦੇ ਪੱਧਰ ਵਿੱਚ ਵਾਧਾ ਹੁੰਦਾ ਹੈ।ਜਿਸ ਨਾਲ ਪਾਰਿਸਥਿਤੀਕ ਸੰਤੁਲਨ ਵਿਗੜਦਾ ਹੈ। ਅੰਤ ਵਿੱਚ ਇਹ ਮਾਨਵ ਜੀਵਨ ਦੇ ਲਈ ਖਤਰਾ ਪੈਦਾ ਕਰਦਾ ਹੈ।

ਪ੍ਰਸ਼ਨ :- ਹਰੀ ਰਾਸ਼ਟਰੀ ਆਮਦਨ ਦਾ ਅਰਥ ਦੱਸੋ?

ਉੱਤਰ :- ਹਰੀ ਰਾਸ਼ਟਰੀ ਆਮਦਨ ਇੱਕ ਨਵੀਂ ਧਾਰਨਾ ਹੈ। ਹਰੀ ਰਾਸ਼ਟਰੀ ਆਮਦਨ ਦਾ ਅਰਥ ਦੇਸ਼ ਦੇ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਇਸ ਤਰ੍ਹਾਂ ਕਰਨਾ ਹੈ ਜਿਸ ਵਿੱਚ ਵਾਤਾਵਰਨ ਤੇ ਕੋਈ ਵੀ ਬੁਰਾ ਪ੍ਰਭਾਵ ਨਾ ਪਵੇ।ਆਉਣ ਵਾਲੀ ਪੀੜ੍ਹੀ ਦੀਆਂ ਜਰੂਰਤਾਂ ਪੂਰੀਆਂ ਕਰਨ ਦੀ ਯੋਗਤਾ ਵਿੱਚ ਕੋਈ ਕਮੀ ਨਾ ਆਵੇ। ਇਸ ਤੋਂ ਇਲਾਵਾ ਕੁਦਰਤੀ ਸਾਧਨਾਂ ਦਾ ਕੁਸ਼ਲ ਪ੍ਰਯੋਗ ਕਰਕੇ ਉਸਦੇ ਸ਼ੋਸ਼ਣ ਨੂੰ ਘਟ ਕੀਤਾ ਜਾ ਸਕੇ।

ਪ੍ਰਸ਼ਨ :- ਧਾਰਣੀ ਵਿਕਾਸ ਦੀਆਂ ਵਿਸ਼ੇਸ਼ਤਾਵਾਂ/ਸ਼ਰਤਾਂ ਦਾ ਵਰਨਣ ਕਰੋ?

ਉੱਤਰ :- ਧਾਰਣੀ ਵਿਕਾਸ ਦੀਆਂ ਵਿਸ਼ੇਸਤਾਵਾਂ/ਸ਼ਰਤਾਂ ਹੇਠ ਲ਼ਿਖੇ ਅਨੁਸਾਰ ਹਨ:-

I. ਕੁਦਰਤੀ ਸਾਧਨਾਂ ਦਾ ਕੁਸ਼ਲ ਪ੍ਰਯੋਗ II.ਭਵਿੱਖ ਦੀ ਪੀੜੀ ਦੇ ਜੀਵਨ ਗੁਣਵੱਤਾ ਵਿੱਚ ਕਮੀ ਨਾ ਹੋਵੇ

III.ਪ੍ਰਦੂਸ਼ਣ ਵਿੱਚ ਵਾਧਾ ਨਾ ਹੋਵੇ IV. ਆਰਥਿਕ ਵਿਕਾਸ ਨੂੰ ਸੀਮਿਤ ਨਹੀਂ ਕਰਦੀ V.ਵੰਡ ਸੰਬੰਧੀ ਸਮਾਨਤਾ

ਪ੍ਰਸ਼ਨ :- ਵਿਕਲਪਿਕ/ਜੈਵਿਕ ਖੇਤੀ ਦਾ ਅਰਥ ਅਤੇ ਲੋੜ ਬਾਰੇ ਜਾਣਕਾਰੀ ਦਿਉ?

ਉੱਤਰ :- ਵਿਕਲਪਿਕ ਖੇਤੀ ਦਾ ਅਰਥ:- ਜੈਵਿਕ ਖੇਤੀ ਇੱਕ ਧਾਰਣੀ ਖੇਤੀ ਪ੍ਰਣਾਲੀ ਹੈ ਜੋ ਭੂਮੀ ਦੀ ਦੀਰਘਕਾਲੀਨ ਉਪਜਾਊ ਸ਼ਕਤੀ ਨੂੰ ਬਣਾਈ ਰੱਖਦੀ ਹੈ ਅਤੇ ਉੱਚ ਕੋਟੀ ਦੇ ਪੋਸ਼ਟਿਕ ਖਾਦ ਦਾ ਉਤਪਾਦਨ ਕਰਨ ਦੇ ਲਈ ਭੂਮੀ ਦੇ ਸੀਮਿਤ ਸਾਧਨਾਂ ਨੂੰ ਘੱਟ ਉਪਯੋਗ

ਕਰਦੀ ਹੈ। ਜੈਵਿਕ ਤਕਨੀਕ ਦਾ ਵਿਕਾਸ, ਭੂ-ਵਿਗਿਆਨ, ਫਸਲ ਪ੍ਰਜਣਨ, ਪਸ਼ੂ ਪਾਲਣ ਅਤੇ ਪਾਰਿਸਥਿਤਕ ਵਿਗਿਆਨ ਆਦਿ ਦੇ ਗਿਆਨ ਦਾ ਪਰਿਣਾਮ ਹੈ। ਜੈਵਿਕ ਖੇਤੀ ਵਿੱਚ ਫਸਲ ਚੱਕਰ, ਪਸ਼ੂ ਖਾਦ ਅਤੇ ਕੂੜਾ ਖਾਦ ਦਾ ਪ੍ਰਯੋਗ ਯਾਂਤਰਿਕ ਖੇਤੀ ਅਤੇ ਪ੍ਰਾਕਿਰਿਤਕ ਕੀਟ ਨਾਸ਼ਕ ਨਿਯੰਤਰਣ ਦਾ ਉਪਯੋਗ ਹੁੰਦਾ ਹੈ।

ਜੈਵਿਕ ਖੇਤੀ ਦੀ ਲੋੜ¬:-

I. ਵਧ ਅਨਾਜ਼ ਪੈਦਾ ਕਰਨ ਦੇ ਨਾਮ ਤੇ ਅਸੀਂ ਅਸਿਥਰਤਾ ਦਾ ਗਲਤ ਮਾਰਗ ਚੁਣਿਆ ਹੈ। ਵੱਡੀ ਸੰਖਿਆ ਵਿੱਚ ਕਿਸਾਨਾਂ ਦੁਆਰਾ ਪ੍ਰਤੀਸਾਲ ਆਤਮ ਹੱਤਿਆ ਕਰਨਾ, ਕੇਰਲ ਦੇ ਇੱਕ ਸਰਕਾਰੀ ਬਾਗਾਨ ਵਿੱਚ ਕੀਟ ਨਾਸ਼ਕ ਛਿੜਕਾਅ ਦੇ ਭਿਆਨਕ ਪਰਿਣਾਮ, ਪਾਣੀ ਦੀ ਬੋਤਲਾਂ ਅਤੇ ਸ਼ੀਤਲ ਪੇਯ ਪਦਾਰਥਾਂ ਦਾ ਕੀਟਨਾਸ਼ਕ ਦਵਾਈਆਂ ਦੁਆਰਾ ਦੂਸ਼ਿਤ ਹੋਣਾ। ਇਹ ਸਭ ਜੈਵਿਕ ਖੇਤੀ ਦੀ ਲੋੜ ਨੂੰ ਪੇਸ਼ ਕਰਦੀਆਂ ਹਨ

II. ਇਸ ਪ੍ਰਕ੍ਰਿਤੀ ਦਾ ਇੱਕ ਹੋਰ ਨਾਕਾਰਤਮਕ ਪ੍ਰਭਾਵ ਵਿਸ਼ਵ ਭਰ ਵਿੱਚ ਕਿਸਾਨਾਂ ਦੀ ਧਨ-ਸੰਪਤੀ ਤੇ ਪਿਆ ਹੈ। ਇਸ ਤਰ੍ਹਾਂ ਉਤਪਾਦਕਤਾ ਵਿੱਚ ਹੋਣ ਵਾਲੇ ਵਾਧੇ ਦੇ ਬਾਵਜੂਦ ਲਗਭਗ ਸੰਸਾਰ ਦੇ ਸਾਰੇ ਦੇਸ਼ਾਂ ਦੇ ਕਿਸਾਨਾਂ ਦੀ ਧਨ-ਸੰਪਤੀ ਵਿੱਚ ਗਿਰਾਵਟ ਆਈ ਹੈ। ਖਾਦ ਅਤੇ ਖੇਤੀ ਦੇ ਇਸ ਨਵੀਨ ਦ੍ਰਿਸ਼ਟੀਕੋਣ ਦਾ ਜੇਕਰ ਕਿਸੇ ਨੂੰ ਲਾਭ ਪਹੁੰਚਾਇਆ ਹੈ ਤਾਂ ਖੇਤੀ ਰਸਾਇਣ ਕੰਪਨੀਆਂ, ਬੀਜ ਕੰਪਨੀਆਂ ਜਾਂ ਫਿਰ ਬਹੁ-ਰਾਸ਼ਟਰੀ ਕੰਪਨੀਆਂ, ਜੋ ਖਾਦ ਵਿਸ਼ੇਸ਼ ਕਰ ਖਾਦਾਨ ਦਾ ਵਪਾਰ ਕਰਦੀਆ ਹਨ।

III. ਇਸ ਸੰਦਰਭ ਵਿੱਚ ਜੈਵਿਕ ਖੇਤੀ ਵਧੀਆ ਹੁੰਦੀ ਹੈ। ਉਪਰੋਕਤ ਸਾਰੀ ਸਮੱਸਿਆਵਾਂ ਦਾ ਸਮਾਧਾਨ ਅਸੀਂ ਜੈਵਿਕ ਖੇਤੀ ਵਿੱਚ ਪਾਉਂਦੇ ਹਨ। ਜੈਵਿਕ ਜਾਂ ਪ੍ਰਾਕ੍ਰਿਤਕ ਖੇਤੀ ਦੇ ਵਾਤਾਵਰਨ ਅਤੇ ਖਾਦ ਦੀ ਗੁਣਵਤਾ ਤੇ ਪੈਣ ਵਾਲੇ ਤੁਰੰਤ ਅਤੇ ਸਾਕਾਰਤਮਕ ਪ੍ਰਭਾਵਾਂ ਦੇ ਇਲਾਵਾ ਇਹ ਕਿਸਾਨ ਨੂੰ ਉਸਦੀ ਖੇਤੀ-ਆਗਤਾਂ ਦੀ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਆਤਮ-ਨਿਰਭਰ ਬਣਾਉਂਦੀ ਹੈ ਅਤੇ ਉਤਪਾਦਨ ਦੀ ਲਾਗਤਾਂ ਨੂੰ ਘਟਾਉਂਦੀ ਹੈ।

IV. ਇਸ ਤਰ੍ਹਾਂ ਜੇਕਰ ਅਸੀਂ ਆਪਣੇ ਦੇਸ਼ ਨੂੰ ਪ੍ਰਦੂਸ਼ਣ ਤੋਂ ਮੁਕਤ ਰਖਣਾ ਚਾਹੁੰਦੇ ਹਾਂ ਅਤੇ ਇਸਦੀ ਸੁੰਦਰਤਾ ਅਤੇ ਅਨੇਕਤਾ ਨੂੰ ਬਣਾਏ ਰੱਖਣਾ ਚਾਹੁੰਦੇ ਹਨ ਤਾਂ ਸਾਨੂੰ ਜੈਵਿਕ ਖੇਤੀ ਨੂੰ ਅਪਨਾਉਣਾ ਚਾਹੀਦਾ ਹੈ। ਜੇਕਰ ਅਸੀਂ ਪੌਸ਼ਟਿਕ, ਸੁਰਖਿਅਤ ਅਤੇ ਸਿਹਤਮੰਦ ਖਾਦ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਇਸਦੇ ਲਈ ਜੈਵਿਕ ਖੇਤੀ ਦੁਆਰਾ ਉਤਪਾਦਿਤ ਖਾਦ ਪ੍ਰਾਪਤ ਕਰਨਾ ਹੋਵੇਗੀ।

## ਭਾਗ: ਪੰਜਾਬ ਦੀ ਅਰਥਵਿਵਸਥਾ

ਪ੍ਰਸ਼ਨ :- ਪੰਜਾਬ ਵਿੱਚ ਪਾਈਆਂ ਜਾਣ ਵਾਲੀਆਂ ਮਿੱਟੀਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

ਉੱਤਰ:- ਪੰਜਾਬ ਵਿੱਚ ਪਾਈਆਂ ਜਾਣ ਵਾਲੀਆਂ ਮਿੱਟੀਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ

I. ਪਹਾੜੀ ਖੇਤਰ ਦੀ ਮਿੱਟੀ:- ਇਸ ਖੇਤਰ ਵਿੱਚ ਜੰਗਲਾਂ ਅਤੇ ਪਹਾੜੀ ਮਿੱਟੀ ਹੈ। ਇਹ ਮਿੱਟੀ ਤੇਜ਼ਾਬੀ ਹੈ, ਇਸ ਵਿੱਚ ਨਾਈਟ੍ਰੋਜਨ ਅਤੇ ਫਾਸਫੋਰਸ ਲੋੜ ਤੋਂ ਘੱਟ ਹੈ।

III ਰੇਤਲੀ ਮਿੱਟੀ:- ਬਠਿੰਡਾ,ਫਿਰੋਜ਼ਪੁਰ ਅਤੇ ਫਰੀਦਕੋਟ ਜ਼ਿਲਿਆ ਦੇ ਕੁੱਝ ਤਾਗਾਂ ਦੀ ਮਿੱਟੀ ਰੇਤਲੀ ਹੈ। ਇਸ ਵਿੱਚ ਪਾਣੀ,ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਦੀ ਘੱਟ ਹੈ। ਇਹ ਮਿੱਟੀ ਛੋਲੇ, ਕਪਾਹ, ਬਾਜਰੇ, ਦਾਲਾਂ ਆਦਿ ਦੇ ਲਈ ਉਪਯੋਗੀ ਹੈ।

III ਦੋਮਟ ਮਿੱਟੀ:- ਪੰਜਾਬ ਦੇ ਬਾਕੀ ਖੇਤਰ ਵਿੱਚ ਦੋਮਟ ਮਿੱਟੀ ਪਾਈ ਜਾਂਦੀ ਹੈ। ਇਹ ਮਿੱਟੀ ਉਪਜਾਊ ਹੈ। ਇਸ ਵਿੱਚ ਫਾਸਫੋਰਸ ਅਤੇ ਪੋਟਾਸ਼ੀਅਮ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ। ਪਰ ਨਾਈਟ੍ਰੋਜਨ ਦੀ ਕਮੀ ਹੁੰਦੀ ਹੈ। ਇਹ ਮਿੱਟੀ ਕਣਕ, ਚੋਲ, ਗੰਨਾ, ਮੱਕੀ ਆਦਿ ਫਸਲਾਂ ਲਈ ਬਹੁਤ ਉਪਯੋਗੀ ਹੈ।

ਪ੍ਰਸ਼ਨ :- ਪੰਜਾਬ ਵਿੱਚ ਪਾਈ ਜਾਣ ਵਾਲੀ ਜਲਵਾਯੂ ਅਤੇ ਵਰਖਾ ਬਾਰੇ ਜਾਣਕਾਰੀ ਦਿਉ ?

ਉੱਤਰ:- (1) ਜਲਵਾਯੂ:- ਪੰਜਾਬ ਦੀ ਜਲਵਾਯੂ ਗਰਮੀਆਂ ਵਿੱਚ ਬਹੁਤ ਗਰਮ ਅਤੇ ਸਰਦੀਆਂ ਵਿੱਚ ਬਹੁਤ ਠੰਡੀ ਹੈ। ਪੰਜਾਬ ਦੇ ਤਿੰਨ ਮੌਸਮ ਹਨ: (i) ਗਰਮੀਆਂ ਦਾ ਮੌਸਮ: ਇਹ ਮੌਸਮ ਅਪ੍ਰੈਲ ਤੋਂ ਜੂਨ ਤਕ ਰਹਿੰਦਾ ਹੈ। ਇਸ ਵਿੱਚ ਤਾਪਮਾਨ 46% ਤਕ ਪਹੁੰਚ ਜਾਂਦਾ ਹੈ।

(ii) ਵਰਖਾ ਦਾ ਮੌਸਮ: ਇਹ ਮੌਸਮ ਜੁਲਾਈ ਤੋਂ ਸਤੰਬਰ ਤਕ ਰਹਿੰਦਾ ਹੈ।

(ii) ਸਰਦੀਆਂ ਦਾ ਮੌਸਮ: ਇਹ ਮੌਸਮ ਅਕਤੂਬਰ ਤੋਂ ਮਾਰਚ ਤਕ ਰਹਿੰਦਾ ਹੈ। ਇਸ ਮੌਸਮ ਵਿੱਚ ਤਾਪਮਾਨ 2 % ਤੋਂ ਵੀ ਘੱਟ ਹੋ ਜਾਂਦਾ ਹੈ।

(2) ਵਰਖਾ:- ਪੰਜਾਬ ਵਿੱਚ ਜ਼ਿਆਦਾਤਰ ਵਰਖਾ ਗਰਮੀਆਂ ਦੀਆਂ ਮਾਨਸੂਨ ਨਾਲ ਜੁਲਾਈ ਤੋਂ ਸਤੰਬਰ ਤਕ ਹੁੰਦੀ ਹੈ। ਇਹ ਵਰਖਾ ਸਾਉਣੀ ਦੀ ਫਸਲ ਲਈ ਉਪਯੋਗੀ ਹੈ। ਸਰਦੀਆਂ ਦੀ ਮੌਨਸੂਨ ਵਿੱਚ ਥੋੜੀ ਵਰਖਾ ਦਸੰਬਰ ਤੋਂ ਫਰਵਰੀ ਤਕ ਹੈ। ਇਹ ਵਰਖਾ ਹਾੜੀ ਦੀ ਫਸਲ ਲਈ ਉਪਯੋਗੀ ਹੈ। ਹੁਸ਼ਿਆਰਪੁਰ ਵਿੱਚ ਸਭ ਤੋਂ ਜ਼ਿਆਦਾ ਅਤੇ ਮਾਨਸਾ ਵਿੱਚ ਸਭ ਤੋਂ ਘੱਟ (13 ਸੈਂਟੀਮੀਟਰ) ਵਰਖਾ ਹੁੰਦੀ ਹੈ। ਅੰਮ੍ਰਿਤਸਰ, ਰੂਪਨਗਰ, ਹੁਸ਼ਿਆਰਪੁਰ, ਪਟਿਆਲਾ ,ਲੁਧਿਆਣਾ, ਰਾਜ ਦੀ ਔਸਤ ਵਰਖਾ ਤੋਂ ਵਧ ਵਰਖਾ ਹੁੰਦੀ ਹੈ ਪਰ ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਕਪੂਰਥਲਾ, ਅਤੇ ਸੰਗਰੂਰ ਵਿੱਚ ਰਾਜ ਦੀ ਔਸਤ ਵਰਖਾ ਤੋਂ ਘੱਟ ਵਰਖਾ ਹੁੰਦੀ ਹੈ। ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਵਰਖਾ ਦਾ ਔਸਤ 69 ਸੈਂਟੀਮੀਟਰ ਰਿਹਾ ਹੈ।

ਪ੍ਰਸ਼ਨ :- ਪੰਜਾਬ ਦੀ ਜਨਸੰਖਿਆ ਦੀ ਵਾਧਾ ਦਰ ਭਾਰਤ ਦੀ ਜਨਸੰਖਿਆ ਦੀ ਵਾਧੇ ਦਰ ਨਾਲੋਂ ਘੱਟ ਜਾਂ ਵੱਧ ਹੈ?

ਉੱਤਰ:- ਪੰਜਾਬ ਦੀ ਜਨਮ ਦਰ ਭਾਰਤ ਦੀ ਔਸਤ ਜਨਮ ਦਰ ਤੋਂ ਘੱਟ ਹੈ। ਪੰਜਾਬ ਦੀ ਜਨਮ ਦਰ 14.9 ਪ੍ਰਤੀ ਹਜ਼ਾਰ ਹੈ ਜਦੋਂ ਕਿ ਭਾਰਤ ਦੀ ਜਨਮ ਦਰ ਮੰਨ 2016 ਵਿੱਚ 204 ਪ੍ਰਤੀ ਹਜਾਰ ਸੀ। ਇਸਦਾ ਮੁੱਖ ਕਾਰਣ ਇਹ ਹੈ ਕਿ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਭਾਰਤ ਦੇ ਔਸਤ ਜੀਵਨ ਪੱਧਰ ਤੋਂ ਉੱਚਾ ਹੈ।

ਪ੍ਰਸ਼ਨ :- ਪੰਜਾਬ ਵਿਚ ਸਾਖਰਤਾ ਅਨੁਪਾਤ ਕੀ ਹੈ?

ਉੱਤਰ:- ਸਾਖਰਤਾ ਅਨੁਪਾਤ ਤੋਂ ਭਾਵ ਇਹ ਹੈ ਕਿ ਹਰੇਕ 100 ਵਿਅਕਤੀਆਂ ਪਿੱਛੇ ਕਿੰਨੇ ਲੋਕ ਪੜ ਲਿਖ ਸਕਦੇ ਹਨ। ਸਾਖਰਤਾ ਅਨੁਪਾਤ ਦਾ ਜ਼ਿਆਦਾ ਹੋਣਾ ਰਾਜ ਦੀ ਉੱਨਤੀ ਅਤੇ ਆਰਥਿਕ ਵਿਕਾਸ ਦੀ ਸੰਭਾਵਨਾ ਦੇ ਪ੍ਰਤੀਕ ਹਨ। ਸਨ 2011 ਦੀ ਜਨਗਣਨਾ ਦੇ ਅਨੁਸਾਰ ਪੰਜਾਬ ਵਿੱਚ ਸਾਖਰਤਾ ਅਨੁਪਾਤ 76.7 ਹੈ ਭਾਵ ਹਰ ਪੰਜਾਂ ਵਿਅਕਤੀਆਂ ਵਿਚੋਂ ਲਗਭਗ 3 ਵਿਅਕਤੀ ਸਿਖਿਅਤ ਹਨ। ਭਾਰਤ ਵਿੱਚ ਸਾਖਰਤਾ ਦਾ ਅਨੁਪਾਤ 74.04 ਹੈ।

ਪ੍ਰਸ਼ਨ:- ਪੰਜਾਬ ਦੀ ਜਨਸੰਖਿਆ ਦੇ ਘਣਤਾ ਵਿਚ ਕੀ ਪਰਿਵਰਤਨ ਹੋਏ ਹਨ?

ਉੱਤਰ:- ਇੱਕ ਵਰਗ ਕਿਲੋਮੀਟਰ ਵਿੱਚ ਜਿੰਨੀ ਜਨਸੰਖਿਆ ਰਹਿੰਦੀ ਹੈ ਉਸ ਨੂੰ ਜਨਸੰਖਿਆ ਦੀ ਘਣਤਾ ਕਹਿੰਦੇ ਹਨ। 1991 ਦੀ ਜਨਗਣਨਾ ਦੇ ਅਨੁਸਾਰ ਪੰਜਾਬ ਦੀ ਘਣਤਾ 403 ਪ੍ਰਤੀ ਵਰਗ ਕਿਲੋਮੀਟਰ ਤੋਂ ਵੱਧਕੇ 2001 ਵਿੱਚ 482 ਪ੍ਰਤੀਵਰਗ ਕਿਲੋਮੀਟਰ ਹੋ ਗਈ ਹੈ। ਸਾਲ 2011 ਵਿੱਚ ਪੰਜਾਬ ਦੀ ਵਸੋਂ ਘਣਤਾ 550 ਪ੍ਰਤੀ ਵਰਗ ਕਿਲੋਮੀਟਰ ਹੋ ਗਿਆ ਹੈ। ਜਦ ਕਿ ਭਾਰਤ ਦੀ ਔਸਤ ਘਣਤਾ 382 ਸੀ।

ਪ੍ਰਸ਼ਨ:- ਪੰਜਾਬ ਦੀ ਜਨਸੰਖਿਆ ਦੀ ਵਿਵਸਾਇਕ ਢੰਡ ਕਿਸ ਪ੍ਰਕਾਰ ਹੈ?

ਉੱਤਰ:- ਪੰਜਾਬ ਦੀ ਕੁਲ ਜਨਸੰਖਿਆ ਦੀ 29 ਪ੍ਰਤੀਸਤ ਜਨਸੰਖਿਆ ਕਾਰਜਸ਼ੀਲ ਹੈ। ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇੜੀ ਹੈ। ਮੁਢਲੇ ਖੇਤਰ ਵਿੱਚ ਪੰਜਾਬ ਦੀ ਲਗਭਗ 45 ਪ੍ਰਤੀਸਤ ਜਨਸੰਖਿਆ ਨੂੰ ਰੁਜਗਾਰ ਪ੍ਰਾਪਤ ਹੋ ਰਿਹਾ ਹੈ, ਗੌਣ ਖੇਤਰ ਵਿਚ 25 ਪ੍ਰਤੀਸਤ ਜਨਸੰਖਿਆ ਅਤੇ 30 ਪ੍ਰਤੀਸਤ ਜਨਸੰਖਿਆ ਨੂੰ ਟਰਸਰੀ ਖੇਤਰ ਵਿੱਚ ਰੁਜ਼ਗਾਰ ਪ੍ਰਾਪਤ ਹੋ ਰਿਹਾ ਹੈ।

ਪ੍ਰਸ਼ਨ:- ਪੰਜਾਬ ਦੀ ਜਨਸੰਖਿਆ ਵਿਚ ਲਿੰਗ-ਅਨੁਪਾਤ ਦੀ ਵਿਆਖਿਆ ਕਰੋ।

ਉੱਤਰ:- ਲਿੰਗ-ਅਨੁਪਾਤ ਤੋਂ ਭਾਵ ਹੈ ਕਿ 1000 ਪੁਰਖਾ ਪਿਛੇ ਕਿਤਨੀਆਂ ਔਰਤਾਂ ਹਨ। 2011 ਦੀ ਜਨਗਣਨਾ ਦੇ ਅਨੁਸਾਰ ਪੰਜਾਬ ਵਿੱਚ 1000 ਮਰਦਾਂ ਪਿਛੇ 893 ਔਰਤਾਂ ਹਨ ਜਦੋਂ ਕਿ ਭਾਰਤ ਵਿਚ ਔਸਤ ਇਸਤਰੀ-ਪੁਰਖ ਅਨੁਪਾਤ 940 ਹੈ। ਪੰਜਾਬ ਵਿੱਚ ਇਸਤਰੀ-ਪੁਰਖ ਅਨੁਪਾਤ ਭਾਰਤ ਦੀ ਔਸਤ ਇਸਤਰੀ-ਪੁਰਖ ਅਨੁਪਾਤ ਨਾਲੋਂ ਘੱਟ ਹੈ। ਭਾਰਤ ਵਿੱਚ ਕੇਰਲ ਰਾਜ ਵਿੱਚ ਔਰਤਾਂ ਦੀ ਸੰਖਿਆ ਪੁਰਖਾਂ ਨਾਲੋਂ ਜਿਆਦਾ ਹੈ (1084 ਪ੍ਰਤੀ 1000 ਪੁਰਖ)।

ਪ੍ਰਸ਼ਨ:- ਪੰਜਾਬ ਵਿੱਚ ਜਨਸੰਖਿਆਂ ਦੇ ਵਾਧੇ ਦੇ ਮੁੱਖ ਕਾਰਣ ਦੱਸੋ?

ਉੱਤਰ:- ਪੰਜਾਬ ਵਿੱਚ ਜਨਸੰਖਿਆ ਦੇ ਵਾਧੇ ਦੀ ਦਰ ਭਾਰਤ ਦੀ ਔਸਤ ਵਾਧੇ ਦਰ ਤੋਂ ਘੱਟ ਹੋਣ ਦੇ ਮੁੱਖ ਕਾਰਣ ਹੇਠ ਲਿਖੇ ਹਨ:

(i) ਵੱਧ ਜਨਮ ਦਰ:- ਪੰਜਾਬ ਵਿੱਚ ਜਨਮ ਦਰ 14.9 ਪ੍ਰਤੀ ਹਜਾਰ ਹੈ ਜਦਕਿ ਭਾਰਤ ਦੀ ਔਸਤ ਜਨਮ ਦਰ 20,4 ਪ੍ਰਤੀ ਹਜਾਰ ਹੈ।

(ii) ਘੱਟ ਮੌਤ ਦਰ:- ਪੰਜਾਬ ਵਿੱਚ ਮੌਤ ਦਰ ਤੇਜ਼ੀ ਨਾਲ ਘੱਟ ਹੋ ਰਹੀ ਹੈ। ਇਹ ਸੰਨ 1971 ਵਿੱਚ 11.4 ਪ੍ਰਤੀ ਹਜਾਰ ਸੀ। ਹੁਣ ਇਹ ਘੋਟ ਹੋ ਕੇ 6.0ਪ੍ਰਤੀ ਹਜਾਰ ਰਹਿ ਗਈ ਹੈ। ਇਸ ਦਾ ਮੁੱਖ ਕਾਰਣ ਇਲਾਜ ਸੁਵਿਧਾਵਾਂ ਦਾ ਵਿਕਸਿਤ ਹੋਣਾ ਹੈ। ਮੌਤ ਦਰ ਘੱਟ ਹੋਣ ਤੇ ਲੋਕ ਘੱਟ ਬੱਚੇ ਪੈਦਾ ਕਰਦੇ ਹਨ।

(iii) ਵੱਧ ਪ੍ਰਤੀ ਵਿਅਕਤੀ ਆਮਦਨ:- ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਦੇ ਸਭ ਰਾਜਾਂ ਨਾਲੋਂ ਜ਼ਿਆਦਾ ਹੈ। ਅਰਥਸ਼ਾਸਤਰੀਆਂ ਦਾ ਇਹ ਅਨੁਮਾਨ ਹੈ ਆਰਥਿਕ ਹਾਲਤ ਵਿੱਚ ਸੁਧਾਰ ਹੋਣ ਕਾਰਣ ਜਨਸੰਖਿਆ ਦੀ ਵਾਧੇ ਦੀ ਦਰ ਘੱਟ ਹੁੰਦੀ ਜਾਂਦੀ ਹੈ।

(iv) ਵੱਧ ਸਾਖਰਤਾ ਦਰ:- ਪੰਜਾਬ ਵਿੱਚ ਸਿੱਖਿਅਤ ਵਿਅਕਤੀਆਂ ਦਾ ਪ੍ਰਤੀਸ਼ਤ ਭਾਰਤ ਦੇ ਔਸਤ ਸਿਖਿਅਤ ਪਰਿਵਾਰਾਂ ਦੇ ਪ੍ਰਤੀਸ਼ਤ ਤੋਂ ਜਿਆਦਾ ਹੈ। ਸਿੱਖਿਅਤ ਲੋਕ ਛੋਟੇ ਪਰਿਵਾਰਾਂ ਨੂੰ ਹੀ ਪਸੰਦ ਕਰਦੇ ਹਨ।

(v) ਘੱਟ ਬੱਚਾ ਮੌਤ ਦਰ:- ਜਦ ਬੱਚਾ ਮੌਤ ਦਰ ਜ਼ਿਆਦਾ ਹੁੰਦਾ ਹੈ ਤਾਂ ਲੋਕ ਜ਼ਿਆਦਾ ਬੱਚੇ ਪੈਦਾ ਕਰਣ ਦੇ ਪੱਖ ਵਿੱਚ ਹੁੰਦੇ ਹਨ। ਪੰਜਾਬ ਵਿੱਚ ਬੱਚੇ ਦੀ ਮੌਤ ਦਰ ਘੱਟ ਹੁੰਦੀ ਜਾ ਰਹੀ ਹੈ। 1981 ਵਿੱਚ ਬੱਚੇ ਦੀ ਮੌਤ ਦਰ 80 ਪ੍ਰਤੀ ਹਜਾਰ ਸੀ ਪਰ ਸਨ 2016 ਵਿੱਚ ਘੱਟ ਹੋ ਕੇ 21 ਹੋ ਗਈ।

ਪ੍ਰਸ਼ਨ :- ਪੰਜਾਬ ਵਿੱਚ ਵਧ ਰਹੇ ਸ਼ਹਿਰੀਕਰਣ ਦੇ ਰੁਝਾਨ ਬਾਰੇ ਜਾਣਕਾਰੀ ਦਿਉ ?

ਉੱਤਰ:- ਲੋਕਾਂ ਦੇ ਪਿੰਡਾਂ ਨੂੰ ਛੱਡ ਕੇ ਸ਼ਹਿਰ ਵਿੱਚ ਜਿਆਦਾ ਸੰਖਿਆ ਵਿੱਚ ਵਸਣ ਦੀ ਪ੍ਰਕ੍ਰਿਆ ਨੂੰ ਸ਼ਹਿਰੀਕਰਣ ਕਿਹਾ ਜਾਂਦਾ ਹੈ। ਦੀ ਘਣਤਾ ਭਾਰਤ ਦੀ ਔਸਤ ਘਣਤਾ ਤੋਂ ਕਾਫੀ ਜਿਆਦਾ ਹੈ। ਕਿਸੇ ਪ੍ਰਦੇਸ਼ ਦੀ ਜਨਸੰਖਿਆ ਵਿੱਚ ਸ਼ਹਿਰੀ ਜਨਸੰਖਿਆ ਦਾ ਜ਼ਿਆਦਾ ਅਨੁਪਾਤ ਉਸ ਪ੍ਰਦੇਸ਼ ਦੇ ਉਦਯੋਗੀਕਰਣ ਅਤੇ ਵਿਕਾਸ ਦਾ ਸੂਚਕ ਹੈ। ਪੰਜਾਬ ਇਕ ਖੇਤੀ ਪ੍ਰਧਾਨ ਰਾਜ ਹੈ ਪਰ ਇਸ ਵਿੱਚ IGU Aqy ਹੋਰ ਉਦਯੋਗਾਂ ਦਾ ਤੇਜੀ ਨਾਲ ਵਿਕਾਸ ਹੋ ਰਿਹਾ ਹੈ। ਇਸ ਦੇ ਸਿੱਟੇ ਵਜੋਂ ਸ਼ਹਿਰੀਕਰਣ ਦੀ ਧਾਰਣਾ ਵਧਦੀ ਜਾ ਰਹੀ ਹੈ।

ਪੰਜਾਬ ਵਿੱਚ ਸ਼ਹਿਰੀ ਜਨਸੰਖਿਆ ਦੇ ਵਾਧੇ ਦੇ ਮੁੱਖ ਕਾਰਣ ਹੇਠ ਲਿਖੇ ਹਨ:-

(1) ਉਦਯੋਗਿਕੀਕਰਣ:- ਪੰਜਾਬ ਵਿੱਚ ਉਦਯੋਗਿਕੀਕਰਣ ਵੱਧਦਾ ਜਾ ਰਿਹਾ ਹੈ। ਉਦਯੋਗ ਵਿੱਚ ਕਿਰਤ ਦੀ ਮੰਗ ਨੂੰ ਪੂਰਾ ਕਰਨ ਅਤੇ ਖੇਤੀਬਾੜੀ ਉੱਤੇ ਜਨਸੰਖਿਆ ਦਾ ਦਬਾਉ ਘੱਟ ਕਰਨ ਲਈ ਜਿਆਦਾ ਲੋਕਾਂ ਨੇ ਸ਼ਹਿਰਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਹੈ।

(2) ਕਿਸਾਨਾਂ ਦੀ ਆਮਦਨ ਵਿੱਚ ਵਾਧਾ:- ਪੰਜਾਬ ਵਿੱਚ ਹਰੀ ਕ੍ਰਾਂਤੀ ਦੇ ਕਾਰਨ ਕਿਸਾਨਾਂ ਦੀ ਆਮਦਨ ਵਿੱਚ ਕਾਫੀ ਵਾਧਾ ਹੋ ਗਿਆ ਹੈ। ਧਨੀ ਕਿਸਾਨ ਸ਼ਹਿਰੀ ਜੀਵਨ ਦਾ ਅਨੰਦ ਲੈਣ ਦੇ ਲਈ ਸਹਿਰਾਂ ਵਿੱਚ ਰਹਿਣਾ ਵਧੇਰੇ ਪਸੰਦ ਕਰਦੇ ਹਨ। ਕਿਸਾਨਾਂ ਦੇ ਪੜ੍ਹੇ-ਲਿਖੇ ਬੱਚੇ ਅਤੇ ਸਿੱਖਿਅਕ ਨਵਯੁਵਕ ਦੀ ਪਿੰਡਾਂ ਨਾਲੋਂ ਸ਼ਹਿਰਾਂ ਵਿੱਚ ਰਹਿਣਾ ਵਧੇਰੇ ਪਸੰਦ ਕਰਦੇ ਹਨ। ਇਸ ਲਈ ਪੰਜਾਬ ਵਿੱਚ ਸ਼ਹਿਰੀ-ਕਰਣ ਦਾ ਰੁਝਾਨ ਵਧਦਾ ਜਾ ਰਿਹਾ ਹੈ।

(3) ਪਿੰਡਾਂ ਦਾ ਪਿਛੜਿਆਪਨ:- ਪੰਜਾਬ ਦੇ ਪਿੰਡਾਂ ਵਿੱਚ ਹੁਣ ਵੀ ਬਹੁਤ ਘੱਟ ਸੁਵਿਧਾਵਾਂ ਹਨ ਉਥੇ ਜੀਵਨ ਦੀਆਂ eySo-ਆਰਾਮ ਦੀ ਸੁਵਿਧਾਵਾਂ ਨਹੀਂ ਹਨ। ਉੱਥੇ ਇਲਾਜ, ਉਚ ਸਿੱਖਿਆ ਦੀ ਸੁਵਿਧਾਵਾਂ ਅਤੇ ਸ਼ਹਿਰਾਂ ਵਿੱਚ ਮਿਲਣ ਵਾਲੀਆਂ ਹੋਰ ਸੁਵਿਧਾਵਾਂ ਵੀ ਘੱਟ ਹਨ। ਇਨ੍ਹਾਂ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਅਤੇ ਪੇਂਡੂ ਲੋਕਾਂ ਨੇ ਅਪਣਾ ਜੀਵਨ ਪੱਧਰ ਉੱਚਾ ਚੁਕਣ ਦੇ ਲਈ ਸਹਿਰਾਂ ਵਿੱਚ ਵਧੇਰੇ ਰਹਿਣਾ ਸ਼ੁਰੂ ਕਰ ਦਿੱਤਾ ਹੈ।

(4) ਦੇਸ਼ ਦਾ ਵਿਭਾਜਨ:- ਸੰਨ 1941 ਤੇ ਸੰਨ 1951 ਦੇ ਦਹਾਕੇ ਵਿੱਚ ਸਹਿਰੀ ਜਨਸੰਖਿਆ ਵਿੱਚ 30 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਦਾ ਮੁੱਖ ਕਾਰਣ ਦੇਸ਼ ਦਾ ਵਿਭਾਜਨ ਹੈ। ਵੰਡ ਦੇ ਕਾਰਣ ਪਾਕਿਸਤਾਨ ਤੋਂ ਆਉਣ ਵਾਲੇ ਜਿਆਦਾਤਰ ਲੋਕ ਸ਼ਹਿਰਾਂ ਵਿੱਚ ਵਸ ਗਏ। ਪਿੰਡਾਂ ਦੇ ਵੀ ਬਹੁਤ ਸਾਰੇ ਲੋਕ ਮਗੜਿਆਂ ਦੇ ਕਾਰਣ ਸ਼ਹਿਰਾਂ ਵਿੱਚ ਆ ਕੇ ਰਹਿਣ ਲੱਗੇ। ਇਸ ਦੇ ਸਿੱਟੇ ਵਜੋਂ ਸੰਨ 1951 ਦੇ ਬਾਅਦ ਸਹਿਤੀ ਜਨਸੰਖਿਆ ਵਿਚ ਕਾਫੀ ਵਾਧਾ ਹੋਇਆ ਹੈ।

ਪ੍ਰਸ਼ਨ :- ਪੰਜਾਬ ਨੂੰ ਖੇਤੀ ਪ੍ਰਧਾਨ ਰਾਜ ਕਿਉਂ ਕਿਹਾ ਜਾਂਦਾ ਹੈ?

ਉੱਤਰ:- ਪੰਜਾਬ ਇਕ ਖੇਤੀ ਪ੍ਰਧਾਨ ਰਾਜ ਹੈ। ਪੰਜਾਬ ਨੂੰ ਦੇਸ਼ ਦਾ ਸਭ ਤੋਂ ਧਨੀ ਪ੍ਰਦੇਸ਼ ਬਨਾਉਣ ਦਾ ਸਿਹਰਾ ਮੁੱਖ ਰੂਪ ਨਾਲ ਖੇਤੀ ਖੇਤਰ ਦੇ ਵਿਕਾਸ ਨੂੰ ਜਾਂਦਾ ਹੈ। ਪੰਜਾਬ ਦੀ ਕੁੱਲ ਆਮਦਨ (ਸ਼ੁੱਧ ਘਰੇਲੂ ਉਤਪਾਦ) ਦਾ ਲਗਭਗ 21 ਪ੍ਰਤੀਸ਼ਤ ਹਿੱਸਾ ਖੇਤੀ ਤੋਂ ਪ੍ਰਾਪਤ ਹੁੰਦਾ ਹੈ। ਇਸ ਰਾਜ ਦੀ ਕੁੱਲ ਸ਼ਕਤੀ ਦੀ ਲਗਭਗ 36 ਪ੍ਰਤੀਸ਼ਤ ਖੇਤੀ ਵਿੱਚ ਸ਼ਾਮਿਲ ਹੈ ਅਤੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਖੇਤੀ ਉੱਤੇ ਨਿਰਭਰ ਕਰਦੀ ਹੈ।

ਪ੍ਰਸ਼ਨ :- ਹਰੀ ਕ੍ਰਾਂਤੀ ਤੋਂ ਕੀ ਭਾਵ ਹੈ? ਹਰੀ ਕ੍ਰਾਂਤੀ ਦੇ ਕਾਰਣਾ ਦਾ ਵਰਨਣ ਕਰੋ?

ਉੱਤਰ:- ਹਰੀ ਕ੍ਰਾਂਤੀ ਦਾ ਅਰਥ:- ਹਰੀ ਕ੍ਰਾਂਤੀ ਤੋਂ ਭਾਵ ਖੇਤੀ ਉਤਪਾਦਨ ਵਿੱਚ ਹੋਣ ਵਾਲੇ ਉਸ ਭਾਰੀ ਵਾਧੇ ਤੋਂ ਹੈ ਜੋ ਖੇਤੀ ਦੀ ਨੀਤੀ ਅਪਨਾਉਣ ਦੇ ਕਾਰਣ ਹੋਇਆ ਹੈ। ਇਸ ਲਈ ਹਰੀ ਕ੍ਰਾਂਤੀ ਤੋਂ ਭਾਵ ਹੈ। (1) ਖੇਤੀ ਉਤਪਾਦਨ ਵਿੱਚ ਕਾਫੀ ਜਿਆਦਾ ਵਾਧਾ ਅਤੇ (2) ਥੋੜੇ ਸਮੇਂ ਦੇ ਖੇਤੀ ਉਤਪਾਦਨ ਦੇ ਉੱਚੇ ਪੱਧਰ ਨੂੰ ਸਥਿਰ ਰੱਖਣਾ। 1967-68 ਵਿੱਚ ਖੇਤੀ ਦੇ ਉਤਪਾਦਨ ਵਿੱਚ ਜੋ ਪਰਿਵਰਤਨ ਹੋਏ

ਉਹ ਯੋਜਨਾਕਾਲ ਦੇ ਪਹਿਲੇ 16 ਸਾਲ ਵਿੱਚ ਹੋਣ ਵਾਲੇ ਪਰਿਵਰਤਨਾਂ ਨਾਲ ਵਧੇਰੇ ਹੈਰਾਨੀਜਨਕ ਅਤੇ ਤੇਜ ਗਤੀ ਨਾਲ਼ ਹੋਏ। ਇਸ ਲਈ ਇਸ ਨੂੰ ਹਰੀ ਕ੍ਰਾਂਤੀ ਦਾ ਨਾਂ ਦਿੱਤਾ ਗਿਆ। ਸੰਖੇਪ ਵਿੱਚ, ਹਰੀ ਕ੍ਰਾਂਤੀ ' ਤੇ ਭਾਵ ਛੇਵੇਂ ਦਹਾਕੇ ਵਿੱਚ ਖੇਤੀ ਉਤਪਾਦਨ ਵਿੱਚ ਉਸ ਭਾਰੀ ਵਾਧੇ ਤੋਂ ਹੈ ਜੋ ਥੋੜੇ ਜਿਹੇ ਸਮੇਂ ਵਿੱਚ ਉੱਚੇ ਉਪਜ ਵਾਲੇ ਬੀਜਾਂ ਅਤੇ ਰਸਾਇਣਕ ਖਾਦ ਦੀ ਨਵੀਂ ਤਕਨੀਕ ਦੇ ਪ੍ਰਯੋਗ ਦੇ ਸਿੱਟੇ ਵਜੋਂ ਹੋਈ ਹੈ। ਸੰਨ 1965-66 ਵਿੱਚ ਪੰਜਾਬ ਵਿੱਚ ਖਾਧ ਪਦਾਰਥਾਂ ਦਾ ਉਤਪਾਦਨ 33.80 ਲੱਖ ਟਨ ਹੋਇਆ ਜੋ 1971- 72 ਵਿਚ v`D  ਕੇ 119 ਲੱਖ ਟਨ ਹੋ ਗਿਆ। ਸਾਲ 2017-18 ਵਿੱਚ ਖਾਧ ਪਦਾਰਥਾਂ ਦਾ ਉਤਪਾਦਨ ਵੱਧ ਕੇ 317 ਲੱਖ ਟਨ ਹੋ ਗਿਆ।

ਹਰੀ ਕ੍ਰਾਂਤੀ ਦੇ ਕਾਰਣ:- (i) ਉੱਨਤ ਬੀਜ ਦਾ ਪ੍ਰਯੋਗ (ii) ਰਸਾਇਣਕ ਖਾਦ (iii) ਸਿੰਜਾਈ (iv) ਕਈ ਫ਼ਸਲਾਂ (v) ਯੰਤਰੀਕਰਣ (vi) ਵਧੀਆ ਸਾਖ ਸਹੂਲਤਾਂ

ਪ੍ਰਸ਼ਨ :- ਪੰਜਾਬ ਵਿੱਚ ਲਘੂ ਉਦਯੋਗਾਂ ਦੀਆਂ ਸਮੱਸਿਆਵਾਂ ਕੀ ਹਨ?

ਉੱਤਰ: ਪੰਜਾਬ ਵਿਚ ਲਘੂ ਉਦਯੋਗਾਂ ਦੀਆਂ ਕੁੱਝ ਮੁੱਖ ਸਮੱਸਿਆਵਾਂ ਹੇਠਾਂ ਲਿਖੀਆਂ ਹਨ:- (i) ਕੱਚੇ ਮਾਲ ਦੀ ਸਮੱਸਿਆ (ii) ਵਿੱਤ ਦੀ ਘਾਟ (iii) ਉਤਪਾਦਨ ਦੇ ਪੁਰਾਨੇ ਢੰਗ (iv) ਵਸਤੂਆਂ ਦੀ ਵਿਕਰੀ ਸੰਬੰਧੀ ਮੁਸਕਲਾਂ (v) ਉਤਪਾਦਨ ਦੀ ਉਚੀ ਲਾਗਤ (vi) ਵੱਡੇ ਉਦਯੋਗਾਂ ਨਾਲ ਮੁਕਾਬਲਾ (vii) ਬਿਜਲੀ ਅਤੇ ਸ਼ਕਤੀ ਦੀ ਸਮੱਸਿਆ।

ਪ੍ਰਸ਼ਨ :- ਪੰਜਾਬ ਵਿਚ ਮੁੱਖ ਵੱਡੇ ਪੈਮਾਨੇ ਅਤੇ ਮੱਧਮ ਪੱਧਰ ਦੇ ਉਦਯੋਗਾਂ ਦਾ ਨਾਮ ਦਸੋ।

ਉੱਤਰ: ਪੰਜਾਬ ਦੇ ਪ੍ਰਮੁੱਖ ਵੰਡੇ ਅਤੇ ਮੱਧ ਪੱਧਰ ਦੇ ਉਦਯੋਗ ਹੇਠ ਲਿਖੇ ਹਨ:- (i) ਚੀਨੀ ਦੇ ਕਾਰਖਾਨੇ, (ii) ਗਰਮ ਕਪੜੇ, ਰੇਸ਼ਮ ਅਤੇ ਪੈਟਿਕ ਕਪੜੇ ਦੇ ਕਾਰਖਾਨੇ

(iii) ਸੂਤੀ ਕਪੜੇ ਦੀ ਕਾਰਖਾਨੇ, (iv) ਨੰਗਲ ਅਤੇ ਬਠਿੰਡਾ ਵਿੱਚ ਖਾਦ ਦੇ ਕਾਰਖਾਨੇ (v) ਸਾਈਕਲ ਬਨਾਣ ਦੇ ਹੈੱਡ ਕਾਰਖਾਨੇ (vi) ਟ੍ਰੈਕਟਰ ਬਨਾਣ ਦੇ ਕਾਰਖਾਨੇ (vii) ਕਾਗਜ ਦਾ ਕਾਰਖਾਨਾ (viii) ਸਟੀਲ ਦੇ ਗਾਡਰ ਆਦਿ ਦੇ ਕਾਰਖਾਨੇ (ix) ਡਾਲਿਮਾ ਅਤੇ ਬੈਕਮੈਲ ਬਿਸਕੁਟ ਦੇ ਕਾਰਖਾਨੇ (x) ਵਨਸਪਤੀ ਘੀ (xi) ਬੈਂਟਰੀ ਸੇਲ (xii) ਟੈਲੀਵਿਜਨ (xiii) ਟਾਇਰ ਅਤੇ (xiv) ਮੂੰਗਫਲੀ ਦਾ ਤੇਲ ਕਢਣ ਦੇ ਕਾਰਖਾਨੇ ਵੀ ਸਥਾਪਤ ਕੀਤੇ ਗਏ ਹਨ। (xv) ਕਪੂਰਥਲਾ ਵਿੱਚ ਕੋਚ ਫੈਕਟਰੀ।

ਪ੍ਰਸ਼ਨ :- ਪੰਜਾਬ ਵਿੱਚ ਛੋਟੇ ਉਦਯੋਗਾਂ ਦਾ ਕੀ ਮਹੱਤਵ ਹੈ?

ਉੱਤਰ:- ਪੰਜਾਬ ਵਿੱਚ ਛੋਟੇ ਉਦਯੋਗਾਂ ਦੇ ਵਿਕਾਸ ਦੇ ਕਾਰਣ ਅਤੇ ਮਹੱਤਵ ਹੇਠ ਲਿਖੇ ਅਨੁਸਾਰ ਹਨ:-

(i) ਵੱਡੇ ਉਦਯੋਗਾਂ ਦੀ ਘਾਟ (ii) ਸਿਆਣੇ ਅਤੇ ਮਿਹਨਤੀ ਕਾਰੀਗਰ (iii) ਖੇਤੀ ਦਾ ਵਿਕਾਸ (iv) ਫਾਲਤੂ ਕਿਰਤ (v) ਖਣਿਜ ਪਦਾਰਥਾਂ ਦੀ ਕਮੀ

ਪ੍ਰਸ਼ਨ :- ਪੰਜਾਬ ਵਿੱਚ ਪਾਏ ਜਾਂਦੇ ਮੁੱਖ ਛੋਟੇ ਉਦਯੋਗਾਂ ਦਾ ਸੰਖੇਪ ਵਰਨਣ ਕਰੋ?

ਉੱਤਰ :- ਪੰਜਾਬ ਦੇ ਕੁੱਝ ਮੁੱਖ ਛੋਟੇ ਉਦਯੋਗ ਹੇਠ ਲਿਖੇ ਹਨ:-

(i) ਹੌਜ਼ਰੀ ਉਦਯੋਗ (ii) ਮੋਟਰ ਗੱਡੀਆਂ ਦੇ ਪੁਰਜ਼ੇ (iii) ਸਾਈਕਲ ਅਤੇ ਸਾਈਕਲ ਦੇ ਪੁਰਜੇ (iv) ਸਿਲਾਈ ਮਸ਼ੀਨ ਅਤੇ ਉਨ੍ਹਾਂ ਦੇ ਪੁਰਜੇ (v) ਖੇਡਾਂ ਦਾ ਸਮਾਨ

ਪ੍ਰਸ਼ਨ :- ਪੰਜਾਬ ਸਰਕਾਰ ਦੀ ਆਮਦਨ ਦੇ ਗੈਰ-ਕਰ ਪ੍ਰਾਪਤੀਆਂ ਬਾਰੇ ਸੰਖੇਪ ਨੋਟ ਲਿਖੋ?

ਉੱਤਰ:- (i) ਕਰਜਾ ਸੇਵਾਵਾਂ, ਲਾਭ-ਅੰਸ ਅਤੇ ਲਾਭ:- ਪੰਜਾਬ ਸਰਕਾਰ ਨੇ ਕਈ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਕਰਜੇ ਦੇ ਰੱਖੇ ਹਨ। ਇਸ ਨਾਲ ਰਾਜ ਸਰਕਾਰਾਂ ਨੂੰ ਵਿਆਜ ਦੇ ਰੂਪ ਵਿੱਚ ਕਾਫੀ ਆਮਦਨੀ ਹੁੰਦੀ ਹੈ। ਸੰਨ 2017-18 ਵਿੱਚ ਪੰਜਾਬ ਸਰਕਾਰ ਵੋਂ 1340 ਕਰੋੜ ਲਾਭ- ਅੰਸ ਤੋਂ ਅਤੇ ਲਾਭ ਤੋਂ 1.63 ਕਰੋੜ ਪ੍ਰਾਪਤ ਹਨ।

(ii) ਸਾਧਾਰਣ ਸੇਵਾਵਾਂ:- ਇਸ ਲਈ ਲੋਕ ਸੇਵਾ ਕਮੀਸ਼ਨ, ਪੁਲਿਸ, ਜੇਲ, ਸਪਲਾਈ ਛਪਾਈ ਅਤੇ ਲਿਖਣ ਸਮੱਗਰੀ, ਲੋਕ ਨਿਰਮਾਣ ਕੰਮ, ਲਾਟਰੀ ਹੋਰ ਪ੍ਰਬੰਧਕੀ ਸੇਵਾਵਾਂ ਅਤੇ ਆਮ ਸੇਵਾਵਾਂ ਦੀ ਪ੍ਰਾਪਤੀ ਸ਼ਾਮਿਲ ਹੈ। 2017-18 ਵਿੱਚ ਪੰਜਾਬ ਸਰਕਾਰ ਨੂੰ ਇਸ ਮਦ ਤੋਂ 6,831 ਕਰੋੜ ਦੀ ਆਮਦਨ ਪ੍ਰਾਪਤ ਹੋਈ ਹੈ।

(iii) ਸਮਾਜਿਕ ਅਤੇ ਸਾਮੂਹਿਕ ਸੇਵਾਵਾਂ:- ਇਸ ਵਿੱਚ ਸਿੱਖਿਆ, ਕਲਾ, ਮੈਡੀਕਲ, ਪਰਿਵਾਰ ਭਲਾਈ ਅਤੇ ਲੋਕ ਸਿਹਤ ਸਫਾਈ ਅਤੇ ਜਲ ਪੂਰਤੀ ਆਦਿ ਸਮਾਜਿਕ ਅਤੇ ਸਮੂਹਿਕ ਸੇਵਾਵਾਂ ਅਤੇ ਪ੍ਰਾਪਤੀਆਂ ਸ਼ਾਮਲ ਹਨ। 2015-16 ਵਿੱਚ ਪੰਜਾਬ ਸਰਕਾਰ ਨੂੰ ਇਸ ਸਾਧਨ ਤੋਂ 722 ਕਰੋੜ ਦੀ ਆਮਦਨ ਪ੍ਰਾਪਤ ਹੋਈ ਹੈ।

(iv) ਆਰਥਿਕ ਸੇਵਾਵਾਂ:- ਪੰਜਾਬ ਸਰਕਾਰ ਨੂੰ ਸਿੰਜਾਈ ਜੰਗਲ, ਬਿਜਲੀ, ਖੇਤੀ, ਪੇਂਡੂ ਅਤੇ ਘਰੇਲੂ ਉਦਯੋਗਾਂ, ਆਵਾਜਾਈ ਅਤੇ ਆਰਥਿਕ ਸੇਵਾਵਾਂ ਤੋਂ ਕਾਫੀ ਆਮਦਨ ਹੋਈ ਹੈ। 2015-16 ਵਿੱਚ ਪੰਜਾਬ ਸਰਕਾਰ ਨੂੰ ਆਰਥਿਕ ਸੇਵਾਵਾਂ ਤੋਂ 655 ਕਰੋੜ ਦੀ ਆਮਦਨ ਪ੍ਰਾਪਤ ਹੋਈ ਹੈ।

(v) ਕੇਂਦਰੀ ਸਰਕਾਰ ਤੋਂ ਪ੍ਰਾਪਤ ਸਹਾਇਤਾ:- ਰਾਜ ਸਰਕਾਰਾਂ ਨੂੰ ਕੇਂਦਰੀ ਸਰਕਾਰ ਤੋਂ ਯੋਜਨਾਵਾਂ ਲਾਗੂ ਕਰਨ ਅਤੇ ਹੋਰ ਕੰਮਾਂ ਲਈ ਹਰ ਸਾਲ ਅਨੁਦਾਨ ਪ੍ਰਾਪਤ ਹੁੰਦਾ ਹੈ। ਪੰਜਾਬ ਸਰਕਾਰ ਨੂੰ 2017-18 ਵਿੱਚ ਕੇਂਦਰੀ ਸਰਕਾਰ ਤੋਂ 5,668 ਕਰੋੜ ਸਹਾਇਤਾ ਦੇ ਰੂਪ ਵਿੱਚ ਪ੍ਰਾਪਤ ਹੋਈ ਹੈ।

ਪ੍ਰਸ਼ਨ :- ਪੰਜਾਬ ਸਰਕਾਰ ਦੇ ਗੈਰ-ਵਿਕਾਸਤਾਮਕ ਖਰਚਿਆਂ ਬਾਰੇ ਜਾਣਕਾਰੀ ਦਿਉ?

ਉੱਤਰ:- ਪੰਜਾਬ ਸਰਕਾਰ ਨੂੰ ਪ੍ਰਸ਼ਾਸਨ, ਪੁਲਿਸ, ਜੇਲ, ਕਰਮਚਾਰੀਆਂ ਨੂੰ ਪੈਨਸ਼ਨ ਦੇਣ ਤੇ ਕਾਫ਼ੀ ਧਨ ਖਰਚ ਕਰਨਾ ਪੈਂਦਾ ਹੈ। ਇਸ ਕਿਸਮ ਦੇ ਖਰਚਿਆਂ ਨੂੰ ਗੈਰ ਵਿਕਾਸਾਤਮਕ ਖਰਚ ਕਿਹਾ ਜਾਂਦਾ ਹੈ।

(i) ਪ੍ਰਸ਼ਾਸਨਿਕ ਸੇਵਾਵਾਂ (ii) ਕਰ ਵਸੂਲਣ ਤੇ ਖਰਚ (iii) ਕਰਜ਼ੇ ਤੇ ਵਿਆਜ ਅਤੇ ਇਸਦਾ

(iv)ਪੈਨਸਨ ਅਤੇ ਵਿਭਿੰਨ ਸੇਵਾਵਾਂ (v) ਸਥਾਨੀਨਿਕਾਵਾਂ ਨੂੰ ਸਹਾਇਤਾ

ਪ੍ਰਸ਼ਨ ਪੰਜਾਬ ਸਰਕਾਰ ਦੇ ਆਮਦਨ ਦੇ ਸਾਧਨਾਂ ਦੇ ਕਰ ਪ੍ਰਾਪਤੀਆਂ ਦਾ ਵਰਨਣ ਕਰੋ?

ਉੱਤਰ:-ਪੰਜਾਬ ਸਰਕਾਰ ਦੇ ਆਮਦਨ ਦੇ ਸਾਧਨ ਕਰ ਪ੍ਰਾਪਤੀਆਂ ਹੇਠ ਲਿਖੇ ਹਨ:-

(i) ਵਿਕਰੀ ਕਰ-ਮੁੱਲ ਵਾਧਾ ਕਰ (ii)ਰਾਜ ਉਤਪਾਦਨ ਕਰ (iii) ਕੇਂਦਰੀ ਕਰਾਂ ਵਿੱਚ ਹਿੱਸਾ

(iv) ਭੂਮੀ ਰਾਜਸਵ (v) ਸਟੈਂਪ ਡਿਊਟੀ ਕਰ

ਪ੍ਰਸ਼ਨ :- ਪੰਜਾਬ ਸਰਕਾਰ ਦੇ ਵਿਕਾਸਾਤਮਕ ਖਰਚਿਆਂ ਦੀ ਵਿਆਖਿਆ ਕਰੋ?

ਉੱਤਰ:- ਪੰਜਾਬ ਸਰਕਾਰ ਨੂੰ ਸਿੱਖਿਆ, ਇਲਾਜ, ਉਦਯੋਗ, ਖੇਤੀ, ਆਵਾਜਾਈ, ਸੜਕਾਂ, ਨਹਿਰਾਂ, ਬਿਜਲੀ ਆਦਿ ਦੇ ਵਿਕਾਸ 'ਤੇ ਕਾਫ਼ੀ ਧਨ ਖਰਚ ਕਰਨਾ ਪੈਂਦਾ ਹੈ। ਖਰਚ ਨੂੰ ਵਿਕਾਸਾਤਮਕ ਖਰਚ ਕਹਿੰਦੇ ਹਨ। ਪੰਜਾਬ ਸਰਕਾਰ ਦੇ ਵਿਕਾਸਾਤਮਕ ਖਰਚੇ ਹੇਠ ਲਿਖੇ ਅਨੁਸਾਰ ਹਨ:-

(i) ਸਿੱਖਿਆ, ਖੇਲ, ਕਲਾ ਅਤੇ ਸੰਸਕ੍ਰਿਤੀ (ii) ਇਲਾਜ ਅਤੇ ਸਰਬਜਨਕ ਸਿਹਤ (iii) ਖੇਤੀ

(iv) ਸਿੰਜਾਈ ਅਤੇ ਹੜ੍ਹ ਨਿਯੰਤਰਨ (v)ਸਮਾਜਿਕ ਕਲਿਆਣ ਅਤੇ ਪੋਸ਼ਣ

## ਭਾਗ - ਸਾਂਖਿਅਕੀ ਅਰਥਸ਼ਾਸਤਰ

ਪ੍ਰਸ਼ਨ :- ਇੱਕ ਵਚਨ ਦੇ ਰੂਪ ਵਿੱਚ ਸਾਂਖਿਅਕੀ ਦੀ ਪਰਿਭਾਸ਼ਾ ਦਿਉ?

ਉੱਤਰ :- ਇੱਕ ਵਚਨ ਦੇ ਰੂਪ ਵਿੱਚ ਸਾਂਖਿਅਕੀ ਤੋਂ ਭਾਵ ਸਾਂਖਿਅਕੀ ਵਿਧੀਆਂ ਹਨ। ਜਿਸਦੇ ਅਨੁਸਾਰ ਸਾਂਖਿਅਕੀ ਨੂੰ ਸੰਖਿਆਤਮਕ ਅੰਕੜਿਆਂ ਦੇ ਸੰਕਲਨ, ਵਰਗੀਕਰਣ, ਪੇਸ਼ੀਕਰਣ, ਵਿਸ਼ਲੇਸ਼ਣ ਅਤੇ ਉਨਾਂ ਦੇ ਨਿਰਵਚਨ ਸਬੰਧੀ ਅਧਿਐਨ ਕਿਹਾ ਜਾਂਦਾ ਹੈ। ਇਕ ਵਚਨ ਦੇ ਰੂਪ ਵਿੱਚ ਸਾਂਖਿਅਕੀ ਅਧਿਐਨ ਸਾਂਖਿਅਕੀ ਦੇ ਵੱਖ-ਵੱਖ ਚਰਨਾ ਦੇ ਬਾਰੇ ਗਿਆਨ ਦਿੰਦਾ ਹੈ।

ਪ੍ਰਸ਼ਨ :- ਬਹੁਵਚਨ ਦੇ ਰੂਪ ਵਿੱਚ ਸਾਂਖਿਅਕੀ ਦੀ ਪਰਿਭਾਸ਼ਾ ਦਿਉ?

ਉੱਤਰ :- ਬਹੁਵਚਨ ਦੇ ਰੂਪ ਵਿੱਚ ਸਾਂਖਿਅਕੀ ਤੋਂ ਭਾਵ ਅੰਕਾਂ ਦੇ ਰੂਪ ਵਿੱਚ ਦਰਸਾਈ ਗਈ ਸੂਚਨਾਂ ਅਤੇ ਅੰਕੜੇ ਹਨ। ਇਸਦੇ ਅਨੁਸਾਰ ਸਾਂਖਿਅਕੀ ਤੋਂ ਭਾਵ ਉਹਨਾਂ ਤੱਥਾਂ ਦੇ ਸੰਖਿਆਤਮਕ ਕਥਨਾਂ ਤੋਂ ਹੈ ਜੋ ਅਨੇਕ ਪ੍ਰਕਾਰ ਦੇ ਕਾਰਣਾਂ ਤੋਂ ਪ੍ਰਭਾਵਿਤ ਹੁੰਦੇ ਹਨ। ਜਿਨ੍ਹਾਂ ਨੂੰ ਇਕ ਕ੍ਰਮਬੱਧ ਢੰਗ ਨਾਲ ਇਕੱਠਾ ਅਤੇ ਪੇਸ਼ ਕੀਤਾ ਜਾਂਦਾ ਹੈ। ਜਿਨ੍ਹਾਂ ਨੂੰ
ਇੱਕ ਪਹਿਲਾ ਹੀ ਨਿਰਧਾਰਤ ਉਦੇਸ਼ ਦੇ ਲਈ ਇਕੱਠਾ ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਉਚਿਤ ਮਾਤਰਾ ਵਿੱਚ ਸ਼ੁਧਤਾ ਪਾਈ ਜਾਂਦੀ ਹੈ।

ਪ੍ਰਸ਼ਨ :- ਸਾਂਖਿਅਕੀ ਕੀ ਹੈ?

ਉੱਤਰ :- ਸਾਂਖਿਅਕੀ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਸ਼ਠਅਠੂਸ਼ ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ "ਰਾਜਨੀਤਿਕ ਰਾਜ ਦੀ ਜਾਣਕਾਰੀ" । ਪੁਰਾਣੇ ਸਮੇਂ ਵਿੱਚ ਰਾਜਿਆਂ ਦੁਆਰਾ ਆਪਣੇ ਰਾਜ ਦੀ ਜਮੀਨ, ਖੇਤੀਬਾੜੀ, ਆਬਾਦੀ, ਫੌਜ ਦੀ ਜਾਣਕਾਰੀ ਇਕੱਠੀ ਕਰਨੀ ਲਈ ਅੰਕਿੜਆਂ ਦੀ ਲੋੜ ਪੈਂਦੀ ਸੀ।ਉਸ ਸਮੇਂ ਜੋ ਵੀ ਜਾਣਕਾਰੀ ਇਕੱਠੀ ਕਰਕੇ ਸੂਚਨਾਂ ਤਿਆਰ ਕੀਤੀ ਜਾਦੀ ਸੀ, ਉਹ ਅੰਕੜਿਆਂ ਵਿੱਚ ਹੀ ਦਰਸਾਈ ਜਾਦੀ ਸੀ।

ਪ੍ਰਸ਼ਨ :- ਸਾਂਖਿਅਕੀ ਅਧਿਐਨ ਦੀਆਂ ਮੁੱਖ ਅਵਸਥਾਵਾਂ ਦਸਦੇ ਹੋਏ ਸਾਂਖਿਅਕੀ ਉਪਕਰਣਾਂ ਦਾ ਵਰਨਣ ਕਰੋ?

ਉੱਤਰ :- ਇੱਕਵਚਨ ਦੇ ਰੂਪ ਵਿੱਚ ਸਾਂਖਿਅਕੀ ਦੇ ਅਧਿਐਨ ਲਈ ਵਿਿਭੰਨ ਅਵਸਥਾਵਾਂ ਭਾਵ ਸਾਂਖਿਅਕੀ ਉਪਕਰਣ ਹੇਠ ਲਿਖੇ ਅਨੁਸਾਰ ਹੈ:-

1.ਅੰਕੜਿਆਂ ਦਾ ਸੰਕਲਨ :- ਸਾਂਖਿਅਕੀ ਦੀ ਇਸ ਅਵਸਥਾ ਵਿੱਚ ਅੰਕੜਿਆਂ ਨੂੰ ਇਕੱਠਾ ਕਰਨ ਲਈ ਵੱਖ-ਵੱਖ ਵਿਧੀਆਂ ਦੀ ਚੋਣ ਕਰਨਾ ਹੈ। ਇਹਨਾਂ ਵਿਧੀਆਂ ਦੀ ਚੋਣ ਅੰਕੜਿਆਂ ਦੀ ਕਿਸਮ ਦੇ ਆਧਾਰ ਤੇ ਕੀਤੀ ਜਾਂਦੀ ਹੈ। ਜਿਵੇਂ ਸ਼ੁੱਧ ਅੰਕੜੇ ਇਕੱਠੇ ਕਰਨ ਲਈ ਪ੍ਰਤੱਖ ਵਿਅਕਤੀਗਤ ਖੋਜ ਵਿਧੀ।

2.ਅੰਕੜਿਆਂ ਦਾ ਵਿਵਸਥੀਕਰਣ :- ਸਾਂਖਿਅਕੀ ਦੇ ਅਧੀਨ ਪਹਿਲੀ ਵਾਰ ਇਕੱਠੇ ਕੀਤੇ ਗਏ ਅੰਕੜਿਆਂ ਨੂੰ ਉਨ੍ਹਾਂ ਦੀਆਂ ਵਿਸ਼ੇਸਤਾਵਾਂ ਦੇ ਆਧਾਰ ਤੇ ਵੱਖ-ਵੱਖ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਜਾਂਦਾ ਹੈ ਇਸ ਵਿੱਚ ਅੰਕੜਿਆਂ ਦੀ ਤਰਤੀਬਵਾਰ, ਮਿਲਾਨ ਰੇਖਾਂਵਾਂ ਦੀ ਵਰਤੋਂ ਕੀਤੀ ਜਾਂਦੀ ਹੈ।

3.ਅੰਕੜਿਆਂ ਦਾ ਪੇਸ਼ੀਕਰਣ :- ਅੰਕੜਿਆਂ ਨੂੰ ਇੱਕਠਾ ਕਰਕੇ ਵਰਗੀਕ੍ਰਿਤ ਕਰਨ ਤੋਂ ਬਾਅਦ ਉਹਨਾਂ ਨੂੰ ਆਕਰਸ਼ਿਤ ਢੰਗ ਨਾਲ ਟੇਬਲ, ਗਰਾਫ ਅਤੇ ਚਿੱਤਰਾਂ ਦੀ ਵਰਤੋਂ ਕਰਦਿਆਂ ਪੇਸ਼ ਕਰਨਾ ਬਹੁਤ ਜਰੂਰੀ ਹੈ। ਇਸ ਲਈ ਇਸ ਅਵਸਥਾਂ ਵਿੱਚ ਅੰਕੜਿਆਂ ਨੂੰ ਟੇਬਲ, ਗਰਾਫ, ਰੇਖਾ ਚਿੱਤਰਾਂ ਵਿੱਚ ਪੇਸ਼ ਕੀਤਾ ਜਾਂਦਾ ਹੈ।

4.ਅੰਕੜਿਆਂ ਦਾ ਵਿਸ਼ਲੇਸ਼ਣ :- ਅੰਕੜਿਆਂ ਨੂੰ ਪੇਸ਼ੀਕਰਣ ਤੋਂ ਬਾਅਦ ਔਸਤਾਂ, ਪ੍ਰਤੀਸ਼ਤਾਂ, ਸਹਿ-ਸਬੰਧ ਅਤੇ ਪ੍ਰਤੀਗਮਨ ਗੁਣਾਂਕ ਦੀ ਵਰਤੋਂ ਕਰਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

5.ਅੰਕੜਿਆਂ ਦਾ ਨਿਰਵਚਨ :- ਅੰਕੜਿਆਂ ਦਾ ਨਿਰਵਚਨ ਕਰਨ ਲਈ ਆਮ ਤੌਰਤ ਤੇ ਔਸਤਨ ਪ੍ਰਤੀਸ਼ਤ ਅਤੇ ਵਿੱਭਿਨ ਆਰਥਿਕ ਚਰਾਂ ਨਾਲ ਸਬੰਧਤ ਡਿਗਰੀਆਂ ਦੀ ਵਰਤੋਂ ਕਰਕੇ ਨਿਰਵਚਨ ਕੀਤਾ ਜਾਂਦਾ ਹੈ।

ਪ੍ਰਸ਼ਨ :- ਮੁੱਢਲੇ ਅੰਕੜਿਆਂ ਅਤੇ ਗੌਣ ਅੰਕੜਿਆਂ ਵਿੱਚ ਅੰਤਰ ਦੱਸੋ?

ਉੱਤਰ :- (1) ਮੌਲਿਕਤਾ ਵਿੱਚ ਅੰਤਰ : ਮੁੱਢਲੇ ਅੰਕੜੇ ਮੌਲਿਕ ਹੁੰਦੇ ਹਨ ਕਿਉਂਕਿ ਮੁੱਢਲੇ ਅੰਕੜਿਆਂ ਨੂੰ ਖੋਜਕਰਤਾ ਆਪ ਪਹਿਲੀ ਵਾਰ ਇਕੱਠਾ ਕਰਦਾ ਹੈ। ਪਰ ਗੌਣ ਅੰਕੜੇ ਕਿਸੇ ਦੂਜੇ ਵਿਅਕਤੀ ਜਾਂ ਸੰਸਥਾ ਰਾਹੀਂ ਸੰਕਲਿਤ ਕੀਤੇ ਜਾਂਦੇ ਹਨ। ਮੁੱਢਲੇ ਅੰਕੜਿਆਂ ਦੀ ਵਰਤੋਂ ਕੱਚੇ ਮਾਲ ਦੀ ਤਰ੍ਹਾਂ ਕੀਤੀ ਜਾਂਦੀ ਹੈ। ਜਦੋਂ ਕਿ ਗੌਣ ਅੰਕੜੇ ਪਹਿਲਾਂ ਤੋ ਹੀ ਤਿਆਰ ਹੁੰਦੇ ਹਨ। ਇਸ ਲਈ ਇਹ ਇਕ ਪ੍ਰਕਾਰ ਦੀ ਤਿਆਰ ਸਮੱਗਰੀ ਹੁੰਦੀ ਹੈ।

(2) ਉਦੇਸ਼ ਦੀ ਅਨੁਕੂਲਤਾ ਵਿੱਚ ਅੰਤਰ : ਮੁੱਢਲੇ ਅੰਕੜੇ ਇਕ ਨਿਸ਼ਚਿਤ ਉਦੇਸ਼ ਦੇ ਅਨੁਕੂਲ ਹੁੰਦੇ ਹਨ। ਉਹਨਾਂ ਵਿਚ ਸ਼ੋਧ ਦੇ ਦੀ ਲੋੜ ਨਹੀਂ ਹੁੰਦੀ। ਇਸ ਦੇ ਉਲਟ, ਗੌਣ ਅੰਕੜੇ ਪਹਿਲਾਂ ਹੀ ਕਿਸੇ ਹੋਰ ਉਦੇਸ਼ ਲਈ ਇਕੱਠੇ ਕੀਤੇ ਜਾਂਦੇ ਹਨ। ਉਹਨਾਂ ਦੀ ਵਰਤੋਂ ਗੌਣ ਰੂਪ ਵਿੱਚ ਕਿਸੇ ਦੂਜੇ ਉਦੇਸ਼ ਦੀ ਪੂਰਤੀ ਲਈ ਸਾਵਧਾਨੀ ਪੂਰਵਕ ਕੀਤੀ ਜਾਂਦੀ ਹੈ।

(3) ਸੰਕਲਨ ਲਾਗਤ ਵਿੱਚ ਅੰਤਰ : ਮੁੱਢਲੇ ਅੰਕੜਿਆਂ ਦੇ ਇਕੱਠਾ ਕਰਨ ਵਿੱਚ ਲੋੜ ਤੋਂ ਜਿਆਦਾ ਵਧੇਰੇ ਧਨ, ਸਮੇਂ ਅਤੇ ਮਿਹਨਤ ਦੀ ਲੋੜ ਹੁੰਦੀ ਹੈ। ਇਸ ਦੀ ਇਕੱਠਾ ਕਰਨ ਦੀ ਲਾਗਤ ਵਧੇਰੇ ਹੁੰਦੀ ਹੈ। ਇਸ ਦੇ ਉਲਟ ਗੌਣ ਅੰਕੜਿਆਂ ਨੂੰ ਕੇਵਲ ਪ੍ਰਕਾਸ਼ਤ ਅਤੇ ਗੌਣ ਅੰਕੜਿਆਂ ਨੂੰ ਕੇਵਲ ਪ੍ਰਕਾਸ਼ਤ ਅਤੇ ਅਪ੍ਰਕਾਸ਼ਿਤ ਸਾਧਨਾਂ ਨਾਲ ਇਕੱਠਾ ਕਰਨਾ ਪੈਂਦਾ ਹੈ। ਇਸ ਕਰਕੇ ਇਨ੍ਹਾਂ ਦੀ ਸੰਕਲਨ ਲਾਗਤ ਘੱਟ ਹੁੰਦੀ ਹੈ।

(4) ਸ਼ੁੱਧਤਾ:- ਮੁੱਢਲੇ ਅੰਕੜਿਆਂ ਵਿੱਚ ਸ਼ੁੱਧਤਾ ਅਧਿਕ ਪਾਈ ਜਾਂਦੀ ਹੈ ਕਿਉਂਕਿ ਇਹ ਖੋਜਕਰਤਾ ਦੁਆਰਾ ਖੁਦ ਇਕੱਠੇ ਕੀਤੇ ਜਾਂਦੇ ਹਨ, ਜਦਕਿ ਗੌਣ ਅੰਕੜਿਆਂ ਵਿੱਚ ਸ਼ੁੱਧਤਾ ਦੀ ਕਮੀ ਪਾਈ ਜਾਂਦੀ ਹੈ।

ਪ੍ਰਸ਼ਨ :- ਚੰਗੀ ਪ੍ਰਸ਼ਨਾਵਲੀ ਦੇ ਗੁਣਾਂ ਦਾ ਵਰਨਣ ਕਰੋ?

ਉੱਤਰ :- ਇਕ ਚੰਗੀ ਪ੍ਰਸ਼ਨਾਵਲੀ ਬਣਾਉਂਦੇ ਸਮੇਂ ਰੂਪ ਨਾਲ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਾ ਚਹੀਦਾ ਹੈ:

(1) ਪ੍ਰਸ਼ਨਾਂ ਦੀ ਘੱਟ ਸੰਖਿਆ : ਪ੍ਰਸ਼ਨਾਵਲੀ ਦੇ ਪ੍ਰਸ਼ਨਾਂ ਦੀ ਸੰਖਿਆ ਖੋਜ ਦੇ ਖੇਤਰ ਅਨੁਸਾਰ ਹੋਵੇ ਚਾਹੀਦੀ ਹੈ ਪਰ ਜਿਥੋਂ ਤੱਕ ਸੰਭਵ ਹੋ ਸਕੇ ਇਹਨਾਂ ਦੀ ਸੰਖਿਆ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ। ਪ੍ਰਸ਼ਨ ਖੋਜ ਨਾਲ ਸੰਬੰਧਿਤ ਹੋਣੇ ਚਾਹੀਦੇ ਹਨ।

(2) ਸਰਲਤਾ : ਪ੍ਰਸ਼ਨ ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ ਹੋਣੇ ਚਾਹੀਦੇ ਹਨ। ਪ੍ਰਸ਼ਨ ਛੋਟੇ ਹੋਣੇ ਚਾਹੀਦੇ ਹਨ। ਬਹੁਤ ਲੰਬੇ ਪ੍ਰਸ਼ਨ ਨ ਪੁਛਣੇ ਚਾਹੀਦੇ। ਗਣਿਤ ਸੰਬੰਧੀ ਪ੍ਰਸ਼ਨ ਵੀ ਨਹੀਂ ਪੁਛਣੇ ਚਾਹੀਦੇ।

(3) ਪ੍ਰਸ਼ਨਾਂ ਦਾ ਉੱਚਿਤ ਕ੍ਰਮ: ਪ੍ਰਸ਼ਨਾਂ ਦਾ ਇਕ ਉੱਚਿਤ ਅਤੇ ਤਰਕਪੂਰਣ ਕ੍ਰਮ ਹੋਣਾ ਚਾਹੀਦਾ ਹੈ।

(4) ਅਣ-ਉਚਿਤ ਪ੍ਰਸ਼ਨ ਨਹੀਂ ਹੋਣੇ ਚਾਹੀਦੇ: ਪ੍ਰਸ਼ਨਾਵਲੀ ਵਿੱਚ ਕੋਈ ਅਜੀਹਾ ਪ੍ਰਸ਼ਨ ਨਹੀਂ ਹੋਣਾ ਚਾਹੀਦਾ ਸੂਚਨਾ ਦੇਣ ਵਾਲੇ ਆਦਮੀ ਦੇ ਮਾਨ, ਸਨਮਾਨ ਜਾਂ ਉਸ ਦੀ ਧਾਰਮਿਕ ਅਤੇ ਸਮਾਜਿਕ ਭਾਵਨਾ ਨੂੰ ਠੇਸ ਪਹੁੰਚਾਵੇ।

(5) ਪੱਖਪਾਤ ਰਹਿਤ : ਪ੍ਰਸ਼ਨਾਵਲੀ ਵਿੱਚ ਅਜਿਹੇ ਪ੍ਰਸ਼ਨ ਹੋਣੇ ਚਾਹੀਦੇ ਹਨ ਜਿਨ੍ਹਾਂ ਦਾ ਜਵਾਬ ਬਿਨਾਂ ਕਿਸੇ ਪੱਖਪਾਤ ਤੋਂ ਦਿੱਤਾ ਜਾ ਸਕੇ। ਇਸ ਤਰ੍ਹਾਂ ਦੇ ਪ੍ਰਸ਼ਨ ਨਹੀਂ ਪੁਛਣੇ ਚਾਹੀਦੇ ਜਿਨ੍ਹਾਂ ਵਿੱਚ ਕਿਸੇ ਕਿਸਮ ਦੇ ਮਤਭੇਦ ਦੀ ਸੰਭਾਵਨਾ ਹੋਵੇ।

ਪ੍ਰਸ਼ਨ :- ਜਨਗਣਨਾ ਵਿਧੀ ਤੋਂ ਤੁਸੀਂ ਕੀ ਸਮਝਦੇ ਹੋ? ਲਾਟਰੀ ਕਢਣ ਲਈ ਕਿਹੜੀ ਵਿਧੀ ਪ੍ਰਯੋਗ ਵਿੱਚ ਲਿਆਂਦੀ ਜਾਂਦੀ ਹੈ?

ਉੱਤਰ :- ਜਨਗਣਨਾ ਵਿਧੀ ਉਹ ਵਿਧੀ ਹੈ ਜਿਸ ਵਿੱਚ ਕਿਸੇ ਨਾਲ ਸੰਬੰਧਿਤ ਸਮਗਰ ਜਾਂ ਜਨਸੰਖਿਆ ਦੀ ਹਰ ਇਕ ਮਦ ਬਾਰੇ ਅੰਕੜੇ ਇਕੱਠੇ ਕੀਤੇ ਜਾਂਦੇ ਹਨ ਅਤੇ ਇਹਨਾਂ ਦੇ ਆਧਾਰ ਤੇ ਸਿੱਟੇ ਕੱਢੇ ਜਾਂਦੇ ਹਨ। ਉਦਾਹਰਣ ਵਜੋਂ ਜੇ ਅਸੀਂ ਮਾਰੂਤੀ ਕਾਰਾਂ ਦੇ ਰੰਗਾਂ ਬਾਰੇ ਜਨਗਣਨਾ ਵਿਧੀ ਰਾਹੀਂ ਖੋਜ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਸਾਰੇ ਭਾਰਤ ਵਿੱਚ ਹੁਣ ਤੱਕ ਵਿੱਕੀਆਂ ਕਾਰਾਂ ਦੇ ਰੰਗ ਬਾਰੇ ਅੰਕੜੇ ਇਕੱਠੇ ਕਰਨੇ ਪੈਣਗੇ। ਇਹ ਵਿਧੀ ਉੱਥੇ ਪ੍ਰਯੋਗ ਕੀਤੀ ਜਾ ਸਕਦੀ ਹੈ ਜਿੱਥੇ ਜਨਸੰਖਿਆ ਜਾਂ ਸਮਗਰ ਦਾ ਆਕਾਰ ਸੀਮਿਤ ਹੁੰਦਾ ਹੈ ਅਤੇ ਜਿਨ੍ਹਾਂ ਵਿੱਚ ਵੱਖ-ਵੱਖ ਗੁਣਾਂ ਵਾਲੀ ਇਕਾਈ ਹੋਵੇ। ਲਾਟਰੀ ਦੇ ਲਈ ਸੰਗਣਨਾ ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਕਿਉਂਕਿ ਇਸ ਵਿਧੀ ਵਿੱਚ ਸਮਗਰਦੀ ਹਰੇਕ ਮਦ ਨੂੰ ਚੁਣੇ ਜਾਣ ਦੇ ਬਰਾਬਰ ਮੌਕੇ ਪ੍ਰਾਪਤ ਹੁੰਦੇ ਹਨ।

ਪ੍ਰਸ਼ਨ :- ਅਦੈਵ ਨਿਦਰਸ਼ਨ ਤੋਂ ਕੀ ਭਾਵ ਹੈ?

ਉੱਤਰ :- ਅਦੈਵ ਨਿਦਰਸ਼ਨ ਵਿੱਚ ਨਿਦਰਸ਼ਨ ਦੀ ਉਹਨਾਂ ਸਾਰੀ ਵਿਧੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਹਨਾਂ ਵਿੱਚ ਜਨਸੰਖਿਆ ਦੀ ਸਾਰੀ ਇਕਾਈਆਂ ਨੂੰ ਅਧਿਐਨ ਦੇ ਨਮੂਨੇ ਸ਼ਾਮਿਲ ਹੋਣ ਦੀ ਸਮਾਨ ਸੰਭਾਵਨਾ (ਜਾਂ ਸਮਾਨ ਅਵਸਰ) ਹੁੰਦੇ ਹਨ। ਇਸਦੇ ਇਲਾਵਾ ਖੋਜਕਰਤਾ ਦੀ ਸਹੂਲਤ ਜਾਂ ਉਸਦਾ ਵਿਅਕਤੀਗਤ ਫੈਸਲਾ ਇਕ ਨਿਆਂਦਰਸ਼ ਦੇ ਚੋਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

ਪ੍ਰਸ਼ਨ :- ਦੈਵ ਨਿਦਰਸ਼ਨ ਵਿਧੀ ਬਾਰੇ ਜਾਣਕਾਰੀ ਦਿਉ?

ਉੱਤਰ :- ਦੈਵ ਨਿਦਰਸਨ ਉਹ ਵਿਧੀ ਹੈ ਜਿਸ ਅਧੀਨ ਸਮਗਰ ਦੀ ਹਰ ਇੱਕ ਇਕਾਈ ਨੂੰ ਚੁਣੇ ਜਾਣ ਦੇ ਬਰਾਬਰ ਅਵਸਰ ਪ੍ਰਾਪਤ ਹੁੰਦੇ ਹਨ। ਇਸੀ ਵਿਧੀ 'ਚ ਹਰ ਇਕ ਇਕਾਈ ਦੀ ਨਿਦਰਸ਼ਨ ਵਿੱਚ ਸ਼ਾਮਿਲ ਹੋਣ ਦੀ ਬਰਾਬਰ ਸੰਭਾਵਨਾ ਹੁੰਦੀ ਹੈ। ਕਿਉਂਕਿ ਚੋਣ ਅਚਾਨਕ ਕੀਤੀ ਜਾਂਦੀ ਹੈ। ਨਮੂਨੇ ਵਿੱਚ ਕਿਹੜੀ ਇਕਾਈ ਸ਼ਾਮਲ ਹੋਵੇਗੀ ਅਤੇ ਕਿਹੜੀ ਨਹੀਂ ਇਸ ਗੱਲ ਦਾ ਫੈਸਲਾ ਖੋਜ ਕਰਤਾ ਆਪਣੀ ਮਰਜੀ ਨਾਲ ਨਹੀਂ ਕਰ ਸਕਦਾ। ਇਕਾਈਆਂ ਚੁਣਨ ਦਾ ਕੰਮ ਦੇਵ ਜਾਂ ਅਵਸਰ (Chance) ਤੇ ਛੱਡ ਦਿੱਤਾ ਜਾਂਦਾ ਹੈ। ਇਹ ਢੰਗ ਉੱਥੇ ਜਿਆਦਾ ਸਫਲ ਹੁੰਦਾ ਹੈ ਜਿਥੇ ਸਾਰੀਆਂ ਇਕਾਈਆਂ ਇਕਰੂਪ ਹੋਣਾ। ਇਹ ਵਿਧੀ ਪੱਖਪਾਤ ਰਹਿਤ ਅਤੇ ਘੱਟ ਖਰਚੀਲੀ ਹੈ। ਦੈਵ ਨਮੂਨੇ ਅਨੁਸਾਰ ਨਮੂਨਾ ਚੋਣ ਦੀਆਂ ਵਿਧੀਆਂ ਹੇਠ ਲਿਖੀਆਂ ਹਨ:- (1) ਲਾਟਰੀ ਵਿਧੀ

(2) ਦੈਵ ਸੰਖਿਆਵਾਂ ਦੀਆਂ ਤਾਲਿਕਾਵਾਂ

ਪ੍ਰਸ਼ਨ :- ਨਮੂਨਾ (ਨਿਆਂਦਰਸ਼) ਵਿਧੀ ਦਾ ਅਰਥ, ਉਪਯੋਗਤਾ,ਗੁਣ ਅਤੇ ਔਗੁਣਾਂ ਦੀ ਵਿਆਖਿਆ ਕਰੋ?

ਉੱਤਰ :ਅਰਥ:- ਨਮੂਨਾ ਵਿਧੀ ਉਹ ਵਿਧੀ ਹੈ ਜਿਸ ਵਿੱਚ, ਨਮੂਨਾ ਅਰਥਾਤ ਕਿਸੇ ਸਮਗਰ ਦਾ ਪ੍ਰਤੀਨਿਧੀਤਵ ਕਰਨ ਵਾਲੇ ਇਕ ਛੋਟੇ ਸਮੂਹ ਬਾਰੇ ਅੰਕੜੇ ਇਕੱਠੇ ਕੀਤੇ ਜਾਂਦੇ ਹਨ ਅਤੇ ਉਹਨਾਂ ਦੇ ਸਿੱਟੇ ਕੱਢੇ ਜਾਂਦੇ ਹਨ।ਅਸੀਂ ਸਭ ਅਪਣੇ ਰੋਜਾਨਾ ਜੀਵਨ ਵਿੱਚ ਇਸ ਢੰਗ ਦੀ ਵਰਤੋਂ ਕਰਦੇ ਹਾਂ। ਚਾਵਲ ਦੇ ਇਕ ਦੋ ਦਾਣੇ ਵੇਖ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਕੱਚੇ ਹਨ ਜਾਂ ਪੱਕੇ। ਇਕ ਡਾਕਟਰ ਖੂਨ ਦੀਆਂ ਕੁੱਝ ਬੂੰਦਾਂ ਲੈ ਕੇ ਹੀ ਬਲਡ ਗਰੁੱਪ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ।

ਉਪਯੁਕਤਾ :- (1) ਜਦੋਂ ਖੋਜ ਦਾ ਖੇਤਰ ਬਹੁਤ ਵਿਆਪਕ ਹੋਵੇ। (ii) ਜਦੋਂ ਉੱਚੇ ਪੱਧਰ ਦੀ ਸ਼ੁੱਧਤਾ ਦੀ ਲੋੜ ਹੋਵੇ (iii) ਜਦੋਂ ਵਿਭਿੰਨ ਇਕਾਈਆਂ ਦੇ ਅਧਿਕ ਪਰੀਖਣ ਦੀ ਲੋੜ ਨਾ ਹੋਵੇ। (iv) ਜਦੋਂ ਸਮਗਰ ਦੀਆਂ ਸਾਰੀਆਂ ਮੱਦਾਂ ਸਮਰੂਪ ਹੋਣ।

ਗੁਣ:- (1) ਘੱਟ ਖਰਚੀਲੀ (2) ਸਮੇਂ ਦੀ ਬੱਚਤ (3) ਗਲਤੀ ਦੀ ਪਹਿਚਾਣ

(4) ਵੱਡੀ ਖੋਜ (5) ਪ੍ਰਸ਼ਾਸਨਿਕ ਆਸਾਨੀ (6) ਵਧੇਰੇ ਵਿਗਿਆਨਿਕ

ਔਗੁਣ : (1) ਪੱਖਪਾਤੀ (2) ਗਲਤ ਸਿੱਟੇ (3) ਪ੍ਰਤੀਨਿਧੀ ਨਮੂਨਾ ਦੀ ਚੋਣ ਵਿੱਚ ਔਕੜ।

ਪ੍ਰਸ਼ਨ ਵਰਗੀਕਰਣ ਤੋਂ ਕੀ ਭਾਵ ਹੈ?

ਉੱਤਰ: ਵਰਗੀਕਰਣ ਇਕ ਅਜਿਹੀ ਪ੍ਰਕ੍ਰਿਆ ਹੈ ਜਿਸਦੇ ਦੁਆਰਾ ਅੰਕੜਿਆਂ ਦਾ ਉਨ੍ਹਾਂ ਦੀ ਸਮਾਨਤਾ ਅਤੇ ਅਸਮਾਨਤਾ ਦੇ ਆਧਾਰ ਦੇ ਭਿੰਨ-ਭਿੰਨ ਵਰਗਾਂ ਵਿਚ ਵੰਡ ਕੀਤੀ ਜਾਂਦੀ ਹੈ। ਵਿਖਰੇ ਹੋਏ ਅੰਕੜਿਆਂ ਨੂੰ ਅਰਥਪੂਰਨ ਬਨਾਉਣ ਲਈ ਭਿੰਨ-ਭਿੰਨ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਇਨ੍ਹਾਂ ਅੰਕੜਿਆਂ ਦਾ ਵਰਗੀਕਰਣ ਕੀਤਾ ਜਾਂਦਾ ਹੈ ਉਦਾਹਰਣ ਵਜੋਂ, ਤੁਸੀਂ ਅਪਣੇ ਸਕੂਲ ਦੇ ਪਾਸ ਵਿਦਿਆਰਥੀਆਂ ਦਾ

ਪ੍ਰਤੀਸ਼ਤ ਗਿਆਤ ਕਰਨ ਲਈ ਅੰਕੜਿਆਂ ਦਾ ਸੰਗਠਨ ਕੀਤਾ ਹੈ ਇਨ੍ਹਾਂ ਐਂਕੜਿਆਂ ਨੂੰ ਤੁਸੀਂ ਪੁਰਖਾਂ ਅਤੇ ਇਸਤਰੀਆਂ ਅਰਥਾਤ ਅਲਗ-ਅਲਗ ਵਿਭਾਗਾਂ ਵਿੱਚ ਵਰਗੀਕ੍ਰਿਤ ਕਰ ਸਕਦੇ ਹੋ।

ਪ੍ਰਸ਼ਨ :- ਵਿਅਕਤੀਗਤ ਲੜੀ ਤੋਂ ਕੀ ਭਾਵ ਹੈ?

ਉੱਤਰ :- ਵਿਅਕਤੀਗਤ ਲੜੀ ਉਹ ਲੜੀ ਹੈ ਜਿਸ ਵਿੱਚ ਹਰੇਕ ਇਕਾਈ ਦਾ ਅਲਗ-ਅਲਗ ਮਾਪ ਪ੍ਰਗਟ ਕੀਤਾ ਜਾਂਦਾ ਹੈ ਇਸ ਲੜੀ ਵਿੱਚ ਮਦਾਂ ਦਾ ਕੋਈ ਵੀ ਵਰਗ ਨਹੀਂ

ਹੁੰਦਾ ਹੈ।ਇਹ ਲੜੀ ਦੋ ਪ੍ਰਕਾਰ ਦੀ ਹੋ ਸਕਦੀ ਹੈ:- (1) ਕ੍ਰਮ ਅਨੁਸਾਰ (2) ਵੱਧਦੇ ਜਾਂ ਘੱਟਦੇ ਕ੍ਰਮ ਅਨੁਸਾਰ।

ਪ੍ਰਸ਼ਨ :- ਆਵ੍ਰਿਤੀ ਲੜੀ ਤੋਂ ਕੀ ਭਾਵ ਹੈ?

ਉੱਤਰ :- ਆਵ੍ਰਿਤੀ ਲੜੀ ਦੋ ਪ੍ਰਕਾਰ ਦੀ ਹੁੰਦੀ ਹੈ (1) ਖੰਡਿਤ ਲੜੀ:- ਖੰਡਿਤ ਲੜੀ ਵਿੱਚ ਹਰ ਇਕਾਈ ਦਾ ਨਿਸ਼ਚਿਤ ਮਾਪ ਸਪਸ਼ਟ ਹੋ ਜਾਂਦਾ ਹੈ।

| ਅੰਕ | 10 | 15 | 20 | 25 | 30 | 35 |
|---|---|---|---|---|---|---|
| ਵਿਦਿਆਰਥੀ | 4 | 5 | 8 | 5 | 4 | 2 |

(2) ਅਖੰਡਿਤ ਲੜੀ :- ਅਖੰਡਿਤ ਲੜੀ ਉਹ ਲੜੀ ਹੈ ਜਿਸ ਵਿੱਚ ਇਕਾਈਆਂ ਦਾ ਨਿਸ਼ਚਿਤ ਮਾਪ ਸੰਭਵ ਨਹੀਂ ਹੁੰਦਾ ਇਸ ਲਈ ਉਨ੍ਹਾਂ ਨੂੰ ਕੁੱਝ ਸੀਮਾਵਾਂ ਵਿੱਚ ਪ੍ਰਗਟ ਕੀਤਾ ਜਾਂਦਾ ਹੈ ਇਨ੍ਹਾਂ ਸੀਮਾਵਾਂ ਨੂੰ ਵਰਗ-ਅੰਤਰ ਕਹਿੰਦੇ ਹਨ। ਕੀਤਾ ਜਾਂਦਾ ਹੈ ਇਨ੍ਹਾਂ ਸੀਮਾਵਾਂ ਨੂੰ ਵਰਗ-ਅੰਤਰ ਕਹਿੰਦੇ ਹਨ।

| ਅੰਕ | 10-15 | 15-20 | 20-25 | 25-30 | 30-35 | 35-40 |
|---|---|---|---|---|---|---|
| ਵਿਦਿਆਰਥੀ | 4 | 5 | 8 | 5 | 4 | 2 |

ਪ੍ਰਸ਼ਨ :- ਅੰਕੜਿਆਂ ਦਾ ਵਰਗੀਕਰਣ ਕਿਹੜੇ-ਕਿਹੜੇ ਆਧਾਰ ਤੇ ਕੀਤਾ ਜਾ ਸਕਦਾ ਹੈ? ਵਿਸਥਾਰ ਸਹਿਤ ਵਿਆਖਿਆ ਕਰੋ।

ਉੱਤਰ :- ਅੰਕੜਿਆਂ ਦਾ ਵਰਗੀਕਰਣ ਹੇਠ ਲਿਖੇ ਤੱਤਾਂ ਦੇ ਆਧਾਰ ਤੇ ਕੀਤਾ ਜਾ ਸਕਦਾ ਹੈ:-

**(1) ਭੂਗੋਲਿਕ ਵਰਗੀਕਰਣ :** ਇਸ ਪ੍ਰਕਾਰ ਦਾ ਵਰਗੀਕਰਣ ਅੰਕੜਿਆਂ ਦੀ ਸਥਿਤੀ ਜਾਂ ਭੂਗੋਲਿਕ ਭਿੰਨਤਾ ਦੇ ਆਧਾਰ ਤੇ ਕੀਤਾ ਜਾਂਦਾ ਹੈ ਜਿਵੇਂ ਕਿ ਭਾਰਤ ਵਿੱਚ ਵੱਖ-ਵੱਖ ਸਥਾਨਾਂ ਤੇ ਸਾਇਕਲਾਂ ਦੇ ਕਾਰਖਾਨਿਆਂ ਦੀ ਸੰਖਿਆ ਦਾ ਹੇਠਾਂ ਲਿਖੀ ਵਿਧੀ ਅਨੁਸਾਰ ਵਰਗੀਕਰਣ ਕੀਤਾ ਜਾਵੇਗਾ:

| ਸਥਾਨ | ਕਾਰਖਾਨਿਆਂ ਦੀ ਸੰਖਿਆ |
|---|---|
| ਪੰਜਾਬ | 30 |
| ਹਰਿਆਣਾ | 20 |
| ਉੱਤਰ ਪ੍ਰਦੇਸ਼ | 25 |


**(2) ਸਮੇਂ ਅਨੁਸਾਰ ਵਰਗੀਕਰਣ :** ਜਦੋਂ ਅੰਕੜਿਆਂ ਦਾ ਵਰਗੀਕਰਣ ਸਮੇਂ ਦੇ ਆਧਾਰ ਤੇ ਕੀਤਾ ਜਾਂਦਾ ਹੈ ਤਾਂ ਇਸ ਨੂੰ ਸਮੇਂ ਅਨੁਸਾਰ ਵਰਗੀਕਰਣ ਕਹਿੰਦੇ ਹਾਂ, ਜਿਵੇਂ ਕਿ ਕਿਸੇ ਕਾਰਖਾਨੇ ਦੀ ਉਤਪਾਦਨ ਦਾ ਸਮੇਂ ਅਨੁਸਾਰ ਵਿਊਰਾ:

| ਸਾਲ | ਉਤਪਾਦਨ (ਰੁ:) |
|---|---|
| 2016 | 80 ਲੱਖ |
| 2017 | 95 ਲੱਖ |
| 2018 | 100 ਲੱਖ |

**(3) ਗੁਣਾਤਮਕ ਵਰਗੀਕਰਣ:** ਜਦੋਂ ਅੰਕੜਿਆਂ ਜਾਂ ਤੱਥਾਂ ਦਾ ਵਿਸ਼ੇਸ਼ਤਾਵਾਂ ਜਾਂ ਗੁਣਾਂ ਦੇ ਆਧਾਰ ਤੇ ਜਿਵੇਂ ਧਰਮ, ਪੇਸ਼ਾ, ਜਨਸੰਖਿਆ ਦੇ ਬੌਧਿਕ ਪੱਧਰ ਆਦਿ ਦੇ ਅਨੁਸਾਰ ਵਰਗੀਕਰਣ ਕੀਤਾ ਜਾਂਦਾ ਹੈ ਤਾਂ ਇਸ ਨੂੰ ਗੁਣਾਤਮਕ ਵਰਗੀਕਰਣ ਕਿਹਾ ਜਾਂਦਾ ਹੈ। ਇਸ ਪ੍ਰਕਾਰ ਦਾ ਵਰਗੀਕਰਣ ਦੋ ਤਰ੍ਹਾਂ ਦਾ ਹੋ ਸਕਦਾ ਹੈ:

**(i) ਸਧਾਰਣ ਵਰਗੀਕਰਣ:** ਇਸ ਨੂੰ ਦੋਹਰਾ ਵਰਗੀਕਰਣ ਵੀ ਕਹਿੰਦੇ ਹਨ ਕਿਉਂਕਿ ਇਸ ਵਿੱਚ ਅੰਕੜਿਆਂ ਨੂੰ ਕਿਸੇ ਖਾਸ ਗੁਣ ਦੇ ਹੋਣ ਜਾਂ ਨਾ ਹੋਣ ਦੇ ਆਧਾਰ ਤੇ ਵੰਡਿਆ ਜਾਂਦਾ ਹੈ ਜਿਵੇਂ ਇਸਤਰੀ-ਪੁਰੱਖ, ਸਿਹਤਮੰਦ, ਬਿਮਾਰ, ਪੜ੍ਹੇ ਲਿਖੇ-ਅਨਪੜ੍ਹ ਆਦਿ।

**(ii) ਬਹੁ-ਗੁਣ ਵਰਗੀਕਰਣ :** ਇਸ ਪ੍ਰਕਾਰ ਦੇ ਵਰਗੀਕਰਣ ਵਿੱਚ ਇਕ ਤੋਂ ਵੱਧ ਗੁਣਾਂ ਦੇ ਆਧਾਰ ਤੇ ਵਰਗੀਕਰਣ ਕੀਤਾ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਦੋ ਤੋਂ ਵੱਧ ਵਰਗ ਬਣਦੇ ਹਨ। ਉਦਾਹਰਣ ਵਜੋਂ, ਕੰਮ ਦੇ ਆਧਾਰ ਤੇ ਇਕ ਮਿੱਲ ਦੇ ਮਜਦੂਰਾਂ ਨੂੰ ਦੋ ਭਾਗਾਂ ਵਿੱਚ ਕੁਸ਼ਲ-ਅਕੁਸ਼ਲ, ਅਤੇ ਉਨ੍ਹਾਂ ਵਿੱਚ ਪੜ੍ਹੇ ਲਿਖੇ-ਅਨਪੜ੍ਹ ਅਤੇ ਹੋਰ ਵਰਗੀਕਰਣ ਸ਼ਹਿਰੀ ਅਤੇ ਪੇਂਡੂ ਆਦਿ ਦੇ ਰੂਪ ਵਿੱਚ ਵੰਡਿਆ ਜਾ ਸਕਦਾ ਹੈ।




**(4) ਮਾਤਰਾਤਮਕ ਜਾਂ ਸੰਖਿਆਤਮਕ ਵਰਗੀਕਰਣ:** ਸੰਖਿਆਤਮਕ ਵਰਗੀਕਰਣ ਵਿੱਚ ਤੱਥਾਂ ਨੂੰ ਸੰਖਿਆਤਮਕ ਰੂਪ ਵਿੱਚ ਵਰਗਾਂ ਜਾਂ ਸਮੂਹਾਂ ਵਿੱਚ ਦਰਸ਼ਾਇਆ ਜਾਂਦਾ ਹੈ। ਹੋਰ ਸ਼ਬਦਾਂ ਵਿੱਚ, ਹਰੇਕ ਵਰਗ ਦੇ ਅੰਕੜੇ ਗੁਣਾਤਮਕ ਰੂਪ ਵਿੱਚ ਵਿਅਕਤ ਕਰਣ ਵਿੱਚ ਸਮਰੱਥ ਹਨ ਜਾਂ ਫਿਰ ਸੰਖਿਆਤਮਕ ਅੰਕਾਂ ਦੇ ਰੂਪ ਵਿੱਚ ਵਿਅਕਤ ਕੀਤੇ ਜਾ ਸਕਦੇ ਹਨ। ਜਿੰਵੇਂ - ਭਾਰ ਕਿ. ਗ੍ਰਾ. ਵਿੱਚ ਅਤੇ ਲੰਬਾਈ ਨੂੰ ਸੇ. ਮੀ. ਵਿੱਚ ਵਿਅਕਤ ਕੀਤਾ ਜਾ ਸਕਦਾ ਹੈ। ਇਸ ਦੇ ਅਧੀਨ ਤੱਥਾਂ ਦੀ ਸੰਖਿਆ ਸੰਬੰਧੀ ਲੱਛਣਾਂ ਦੇ ਆਧਾਰ ਤੇ ਵਰਗ ਬਣਾਏ ਜਾਂਦੇ ਹਨ।

| ਸਾਲਾਨਾ ਲਾਭ | ਫਰਮਾਂ ਦੀ ਸੰਖਿਆਂ |
|---|---|
| 0 – 1,00,000 | 5 |
| 1,00,000 – 2,00,000 | 150 |
| 2,00,000 – 3,00,000 | 1500 |
| 3,00,000 – 4,00,000 | 500 |
| 4,00,000 ਤੋਂ ਉੱਪਰ | 400 |

ਪ੍ਰਸ਼ਨ :- ਇੱਕ ਸਾਰਣੀ ਦੇ ਵੱਖ-ਵੱਖ ਭਾਗਾਂ ਦਾ ਵਰਨਣ ਕਰੋ?

ਉੱਤਰ :- (1) ਸਾਰਣੀ ਦੀ ਸੰਖਿਆ: ਸਾਰਣੀ ਨੂੰ ਸਭ ਤੋਂ ਪਹਿਲਾਂ ਇਕ ਸੰਖਿਆ (ਸਾਰਣੀ ਸੰਖਿਆ) ਭਾਵ 1,2,3,......... ਆਦਿ ਦਿੱਤੀ ਜਾਣੀ ਚਾਹੀਦੀ ਹੈ। ਇਕ ਅਧਿਆਇ ਵਿੱਚ ਤਾਲਿਕਾਵਾਂ ਜਿਸ ਕ੍ਰਮ ਨਾਲ ਬਣਾਈਆਂ ਜਾਂਦੀਆਂ ਹਨ, ਉਸ ਅਨੁਸਾਰ ਉਸ ਦੀ ਸੰਖਿਆ ਦਿੱਤੀ ਜਾਣੀ ਚਾਹੀਦੀ ਹੈ। ਸਾਰਣੀ ਸੰਖਿਆ ਨਾਲ ਉਹਨਾਂ ਨੂੰ ਲੱਭਣ ਵਿੱਚ ਸਹਾਇਤਾ ਮਿਲਦੀ ਹੈ ਅਤੇ ਉਹਨਾਂ ਦਾ ਵਰਣਨ ਸਰਲਤਾ ਨਾਲ ਕੀਤਾ ਜਾ ਸਕਦਾ ਹੈ।

(2) ਸਿਰਲੇਖ: ਹਰੇਕ ਸਾਰਣੀ ਵਿੱਚ ਸੰਖਿਆ ਦੇ ਬਾਦ ਸਭ ਤੋਂ ਉੱਪਰ ਉਸ ਦਾ ਸਿਰਲੇਖ ਦਿੱਤਾ ਜਾਣਾ ਚਾਹੀਦਾ ਹੈ। ਸਿਰਲੇਖ ਮੋਟੇ ਅਖਰਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ ਤਾਂ ਕਿ ਜੰਲਦੀ ਹੀ ਧਿਆਨ ਵਿੱਚ ਆ ਸਕੇ। ਸਿਰਲੇਖ ਸਰਲ, ਸੱਪਸ਼ਟ ਅਤੇ ਛੋਟਾ ਹੋਣਾ ਚਾਹੀਦਾ ਹੈ ਤਾਂਕਿ ਉਸ ਨੂੰ ਪੜ੍ਹਦੇ ਹੀ ਗਿਆਤ ਹੋ ਜਾਵੇ ਕਿ (i) ਅੰਕੜੇ ਕਿਸ ਸੱਮਸਿਆ ਨਾਲ ਸੰਬੰਧਿਤ ਹਨ। (ii) ਅੰਕੜੇ ਕਿਸ ਸਮੇਂ (When) ਨਾਲ ਸੰਬੰਧਿਤ ਹਨ। (iii) ਅੰਕੜੇ ਕਿਸ ਸਥਾਨ (Where) ਨਾਲ ਸੰਬੰਧਿਤ ਹਨ। (iv) ਅੰਕੜਿਆਂ ਦਾ ਵਰਗੀਕਰਨ ਕਿਸ ਤਰ੍ਹਾਂ ਕੀਤਾ ਗਿਆ ਹੈ। ਇਕ ਚੰਗਾ ਸਿਰਲੇਖ ਛੋਟਾ ਪਰ ਪੂਰਾ ਹੁੰਦਾ ਹੈ।

(3) ਮੁੱਖ ਟਿੱਪਣੀ : ਜੇਕਰ ਸਿਰਲੇਖ ਤੋਂ ਪੂਰੀ ਸੂਚਨਾ ਪ੍ਰਗਟ ਨਹੀਂ ਹੁੰਦੀ ਤਾਂ ਉਸ ਦੇ ਬਿਲਕੁੱਲ ਥੱਲੇ ਮੁੱਖ ਟਿੱਪਣੀ (Head Note) ਦਿੱਤੀ ਜਾਂਦੀ ਹੈ। ਇਸ ਵਿੱਚ ਉਹ ਵਾਧੂ ਸੂਚਨਾ ਦਿੱਤੀ ਜਾਂਦੀ ਹੈ ਜੋ ਸਿਰਲੇਖ ਵਿੱਚ ਨਹੀਂ ਦਿੱਤੀ ਜਾ ਸਕਦੀ। ਉਦਾਹਰਣ ਵਜੋਂ, ਮੁੱਖ

ਟਿਪਣੀ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਅੰਕੜੇ ਕਿਸ ਇਕਾਈ (ਜਿਵੇਂ ਲੱਖ ਟਨ) ਵਿੱਚ ਦਰਸਾਏ ਗਏ ਹਨ। ਇਹਨਾਂ ਨੂੰ ਬਰੈਕਟਾਂ (Brackets) ਵਿੱਚ ਲਿਖਿਆ ਜਾਣਾ ਚਾਹੀਦਾ ਹੈ।

(4) ਪੰਕਤੀ ਸਿਰਲੇਖ: ਸਾਰਣੀ ਦੀਆਂ ਲਾਈਨਾਂ (Rows) ਦੇ ਸਿਰਲੇਖ ਨੂੰ ਪੰਕਤੀ ਸਿਰਲੇਖ ਕਿਹਾ ਜਾਂਦਾ ਹੈ। ਇਸ ਰਾਹੀਂ ਸਰਲ ਭਾਸ਼ਾ ਵਿੱਚ ਗਿਆਤ ਹੁੰਦਾ ਹੈ ਕਿ ਲਾਈਨਾਂ ਰਾਹੀਂ ਕੀ ਦਿਖਾਇਆ ਜਾ ਰਿਹਾ ਹੈ।


(5) ਉਪ-ਸਿਰਲੇਖ: ਸਾਰਣੀ ਦੇ ਕਾਲਮਾਂ (Columns) ਦੇ ਸਿਰਲੇਖ ਨੂੰ ਉਪ-ਸਿਰਲੇਖ (Caption) ਕਿਹਾ ਜਾਂਦਾ ਹੈ। ਇਸ ਰਾਹੀਂ ਇਹ ਗਿਆਤ ਹੁੰਦਾ ਹੈ ਕਿ ਹਰੇਕ ਕਾਲਮ ਵਿੱਚ ਕਿਹੜੇ ਅੰਕੜੇ ਦਿਖਾਏ ਜਾ ਰਹੇ ਹਨ। ਉਪ-ਸਿਰਲੇਖ ਦੇ ਅਧੀਨ ਕਈ ਹੋਰ ਸਿਰਲੇਖ ਵੀ ਹੋ ਸਕਦੇ ਹਨ। ਉਦਾਹਰਣ ਵਜੋਂ, ਵਿਦਿਆਰਥੀਆਂ ਵਾਲੇ ਉਪ-ਸਿਰਲੇਖ ਨੂੰ ਲੜਕੇ (Boys) ਜਾਂ ਲੜਕੀਆਂ (Girls) ਵਿੱਚ ਵੰਡਿਆ ਜਾ ਸਕਦਾ ਹੈ।

(6) ਬੱਡੀ ਜਾਂ ਖੇਤਰ: ਸਾਰਣੀ ਦਾ ਸਭ ਤੋਂ ਮਹੱਤਵਪੂਰਣ ਭਾਗ ਖੇਤਰ ਜਾਂ ਬਾਡੀ ਹੈ। ਇਸ ਰਾਹੀਂ ਸਾਰਣੀ ਵਿੱਚ ਦਿੱਤੀ ਗਈ ਸਾਰੀ ਸੂਚਨਾ ਨੂੰ ਵਿਖਾਇਆ ਜਾਂਦਾ ਹੈ। ਹਰੇਕ ਅੰਕੜਿਆਂ ਨੂੰ ਕਾਲਮ ਅਤੇ ਪੰਕਤੀ ਰਾਹੀਂ ਬਣਾਏ ਗਏ ਖਾਨੇ (Cell) ਵਿੱਚ ਅੱਲਗ-ਅੱਲਗ ਲਿਖਿਆ ਜਾਂਦਾ ਹੈ।

(7) ਮਾਪ ਦੀ ਇਕਾਈ : ਸਾਰਣੀ ਵਿੱਚ ਅੰਕੜਿਆਂ ਦੇ ਮਾਪ ਦੇ ਲਈ ਉਪਯੋਗ ਕੀਤੀ ਜਾਣ ਵਾਲੀ ਇਕਾਈ ਨੂੰ ਸਿਰਲੇਖ ਦੇ ਨਾਲ ਨਿਰਦਿਸ਼ਟ ਕੀਤਾ ਜਾਣਾ ਚਾਹੀਦਾ। ਇਸ ਪ੍ਰਕਾਰ, ਜੇਕਰ ਸਾਰਣੀ ਜਨਸੰਖਿਆ ਦੇ ਅੰਕੜਿਆਂ ਨੂੰ ਦਿਖਾਉਂਦੀ ਹੈ, ਤਾਂ ਇਹ ਨਿਰਦਿਸ਼ਟ ਕੀਤਾ ਜਾਣਾ ਚਾਹੀਦਾ ਕਿ ਅੰਕੜੇ ਲੱਖਾਂ ਜਾਂ ਕਰੋੜਾਂ ਦੇ ਸੰਦਰਭ ਵਿਅਕਤ ਕੀਤੇ ਗਏ ਹਨ।

(8) ਟਿੱਪਣੀਆ: ਸਾਰਣੀ ਵਿੱਚ ਦਿੱਤੇ ਗਏ ਅੰਕੜਿਆਂ ਦੇ ਸਪੱਸ਼ਟੀਕਰਨ ਲਈ ਕਈ ਵਾਰੀ ਟਿੱਪਣੀ ਦੇਣ ਦੀ ਲੋੜ ਹੁੰਦੀ ਹੈ। ਇਹ ਟਿੱਪਣੀ ਸਾਰਣੀ ਦੇ ਹੇਠਾਂ ਲਿਖੀ ਜਾਂਦੀ ਹੈ, ਟਿੱਪਣੀ ਤਾਂ ਹੀ ਦੇਣੀ ਚਾਹੀਦੀ ਹੈ ਜਦੋਂ ਕੋਈ ਅੰਕੜੇ ਜਾਂ ਸੂਚਨਾ ਸੱਪਸ਼ਟ ਨਾ ਹੋਵੇ ਜਾਂ ਉਸ ਦੇ ਵਿਸ਼ੇ ਵਿੱਚ ਕੋਈ ਵਿਸ਼ੇਸ਼ ਸੂਚਨਾ ਦੇਣੀ ਹੋਵੇ।

(9) ਸੋਮਾ: ਜੇਕਰ ਸਾਰਣੀ ਵਿੱਚ ਗੌਣ ਅੰਕੜੇ (Secondary Data) ਨੂੰ ਪ੍ਰਗਟ ਕੀਤਾ ਗਿਆ ਹੈ ਤਾਂ ਉਨ੍ਹਾਂ ਅੰਕੜਿਆਂ ਦਾ ਸੋਮਾ ਅਰਥਾਤ ਉਹ ਅੰਕੜੇ ਕਿੱਥੋਂ ਲਏ ਹਨ, ਸਾਰਣੀ ਦੇ ਹੇਠਾਂ ਦਿੱਤਾ ਜਾਂਦਾ ਹੈ। ਸੋਮਾ ਦੇ ਵਿਸ਼ੇ ਵਿੱਚ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ,ਜਿਵੇਂ ਉਸ ਦਾ ਨਾਂ, ਪ੍ਰਕਾਸ਼ਨ ਸਾਲ, ਸਫ਼ਿਆਂ ਦੀ ਸੰਖਿਆਂ, ਪ੍ਰਕਾਸ਼ਨ ਦਾ ਪਤਾ ਆਦਿ। ਇਕ ਸਾਰਣੀ ਦੇ ਵੱਖ-ਵੱਖ ਅੰਗ ਹੇਠਾਂ ਲਿਖੇ ਚਿੱਤਰ ਰਾਹੀਂ ਸਪੱਸ਼ਟ ਹੋ ਸਕਦੇ ਹਨ:-





ਪ੍ਰਸ਼ਨ :- ਦੰਡ ਚਿੱਤਰ ਦੀਆਂ ਕਿਸਮਾਂ ਨੂੰ ਉਦਾਹਰਣ ਸਹਿਤ ਵਰਨਣ ਕਰੋ?

ਉੱਤਰ:- ਦੰਡ ਰੇਖਾ ਚਿੱਤਰਾਂ ਦੀ ਮੁੱਖ ਕਿਸਮਾਂ ਹੇਠ ਲਿਖੀਆਂ ਹਨ;

(1) ਸਰਲ ਦੰਡ ਚਿੱਤਰ : ਸਰਲ ਦੰਡ ਚਿੱਤਰ ਉਹ ਚਿੱਤਰ ਹਨ ਜੋ ਇਕ ਹੀ ਕਿਸਮ ਦੇ ਸੰਖਿਆਤਮਕ ਤੱਥਾਂ ਦੇ ਵੱਖ-ਵੱਖ ਮੁੱਲਾਂ ਨੂੰ ਦੰਡਾਂ ਰਾਹੀਂ ਪ੍ਰਕਟ ਕਰਦੇ ਹਨ। ਇਹ ਦੰਡ ਚਿੱਤਰ ਕੇਵਲ ਇਕ ਤੱਥ ਨਾਲ ਸੰਬੰਧਿਤ ਅੰਕੜਿਆਂ ਜਿਵੇਂ ਜਨਮ ਦਰ, ਮੌਤ ਦਰ,


ਜਨਸੰਖਿਆ, ਆਮਦਨ, ਵਿਕਰੀ, ਉਤਪਾਦਨ, ਵਿਦਿਆਰਥੀਆਂ ਦੀ ਸੰਖਿਆ ਆਦਿ ਨੂੰ ਪੇਸ਼ ਕਰਦੇ ਹਨ। ਉਦਾਹਰਣ:-

| ਸਾਲ: | 1951-60 | 1960-70 | 1971-80 | 1981-90 | 1991-2000 | 2001-2010 |
|---|---|---|---|---|---|---|
| ਜਨਮ ਦਰ: | 41.8 | 37.8 | 36.1 | 32.5 | 25.2 | 21.9 |




**(2) ਬਹੁ-ਗੁਣੀ ਦੰਡ ਚਿੱਤਰ:** ਬਹੁਗੁਣੀ ਦੰਡ ਚਿੱਤਰ ਉਹ ਦੰਡ ਚਿੱਤਰ ਜੋ ਦੋ ਜਾਂ ਦੋ ਤੋਂ ਵੱਧ ਤੱਥਾਂ ਦੇ ਅੰਕੜਿਆਂ ਨੂੰ ਦਿਖਾਉਂਦੇ ਹਨ। ਇਨ੍ਹਾਂ ਦਾ ਪ੍ਰਯੋਗ ਭਿੰਨ-ਭਿੰਨ ਤੱਥਾਂ ਜਿਵੇਂ ਜਨਮ-ਦਰ ਅਤੇ ਮੌਤ ਦਰ ਦੀ ਤੁਲਨਾ ਕਰਨ ਲਈ ਕੀਤਾ ਜਾਂਦਾ ਹੈ। ਹਰੇਕ ਤੱਥ ਦੇ ਮੁੱਲ ਪੇਸ ਕਰਨ ਲਈ ਅਲਗ-ਅਲਗ ਦੰਡ ਬਣਾਏ ਜਾਂਦੇ ਹਨ। ਭਿੰਨ-ਭਿੰਨ ਤੱਥਾਂ ਨਾਲ ਸੰਬੰਧਿਤ ਦੰਡਾਂ ਨੂੰ ਭਿੰਨ-ਭਿੰਨ ਰੰਗ ਭਰ ਕੇ ਦਿਖਾਇਆ ਜਾਂਦਾ ਹੈ। ਚਿੱਤਰ ਵਿੱਚ ਇਹ ਜ਼ਰੂਰੀ ਸੱਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਕਿਹੜਾ ਰੰਗ ਕਿਸ ਪ੍ਰਕਾਰ ਦੇ ਦੰਡ ਨੂੰ ਪ੍ਰਗਟ ਕਰਦਾ ਹੈ।


| ਸਾਲ: | 1951-60 | 1960-70 | 1971-80 | 1981-90 | 1991-2000 | 2001-2010 |
|---|---|---|---|---|---|---|
| ਜਨਮ ਦਰ: | 46 | 45 | 40 | 42 | 41 | 37 |
| ਮੌਤ ਦਰ: | 36 | 31 | 27 | 23 | 19 | 15 |



ਪ੍ਰਸ਼ਨ :- ਦਿੱਤੇ ਹੋਏ ਟੇਬਲ ਦੇ ਅੰਕੜਿਆਂ ਨੂੰ ਵ੍ਰਿਤ ਚਿੱਤਰ ਵਿੱਚ ਦਰਸਉ।

ਉੱਤਰ :-


| ਖੇਤਰ | ਪ੍ਰਤੀਸ਼ਤ | ਯੋਗਦਾਨ ਅੰਸ਼ਾਂ ਵਿੱਚ |
|---|---|---|
| ਪ੍ਰਾਥਮਿਕ | 16.2 | $=\frac{16.2}{100}\times 360^0 = 58.32^0$ |
| ਮੁਫਲੇ | 25.4 | $=\frac{25.4}{100}\times 360^0 = 91.44^0$ |
| ਆਵਾਜਾਈ | 27.5 | $=\frac{27.5}{100}\times 360^0 = 99^0$ |
| ਪ੍ਰਸ਼ਾਸਨ | 18.1 | $=\frac{18.1}{100}\times 360^0 = 65.16^0$ |
| ਬੈਕਿੰਗ ਅਤੇ ਵਿੱਤ | 12.8 | $=\frac{12.8}{100}\times 360^0 = 46.03^0$ |




ਪ੍ਰਸ਼ਨ :- ਸਮਾਨ ਵਰਗ ਵਾਲੇ ਆਇਤ ਚਿੱਤਰ ਬਾਰੇ ਜਾਣਕਾਰੀ ਦਿਉ?

ਉੱਤਰ:- ਸਮਾਨ ਵਰਗਾਂਤਰ ਵਾਲੇ ਆਇਤਚਿੱਤਰ ਉਹ ਹਨ ਜੋ ਸਮਾਨ ਵਰਗਾਂਤਰ ਵਾਲੇ ਅੰਕੜਿਆਂ ਤੇ ਅਧਾਰਿਤ ਹੁੰਦੇ ਹਨ। ਜਦੋ ਲੜੀ ਦੇ ਵਰਗਾਂਤਰ ਬਰਾਬਰ ਹੋਣ ਤਾਂ ਆਵ੍ਰਿਤੀ ਚਿੱਤਰਾਂ (Histogram) ਦੀ ਚੌੜਾਈ ਬਰਾਬਰ ਹੁੰਦੀ ਹੈ ਅਤੇ ਲੰਬਾਈ ਆਵ੍ਰਿਤੀ ਦੇ ਅਨੁਪਾਤ ਵਿੱਚ ਹੁੰਦੀ ਇਸ ਨੂੰ ਹੇਠਾਂ ਦਿੱਤੀ ਉਦਾਹਰਣ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ।

| ਅੰਕ: | 0 - 10 | 10 - 20 | 20 - 30 | 30 - 40 | 40 - 50 | 50 - 60 | 60 - 70 |
|---|---|---|---|---|---|---|---|
| ਵਿਦਿਆਰਥੀ: | 5 | 10 | 15 | 20 | 12 | 8 | 4 |




ਪ੍ਰਸ਼ਨ. ਔਸਤ ਕਿਸ ਨੂੰ ਕਹਿੰਦੇ ਹਨ?

ਉੱਤਰ: ਔਸਤ ਉਹ ਸੰਖਿਆ ਹੈ ਜੋ ਸਾਰੇ ਵਰਗਾਂ ਦਾ ਪ੍ਰਤੀਨਿਧੀਤਵ ਕਰਦੀ ਹੈ।

ਪ੍ਰਸ਼ਨ. ਮਾਧਿਆ ਤੋਂ ਕੀ ਸਮਝਦੇ ਹੋ?

ਉੱਤਰ: ਮਾਧਿਆ ਉਹ ਸੰਖਿਆ ਹੈ ਜੋ ਕਿਸੀ ਲੜੀ ਦੇ ਸਾਰੇ ਮਦਾਂ ਦੇ ਮੁੱਲ ਦੇ ਜੋੜ ਨੂੰ ਉਨ੍ਹਾਂ ਦੀ ਕੁਲ ਸੰਖਿਆ ਤੋਂ ਭਾਗ ਦੇਣ ਤੇ ਹਾਸਿਲ ਹੁੰਦਾ ਹੈ।

ਪ੍ਰਸ਼ਨ. ਸਾਂਖਿਅਕੀ ਔਸਤ ਕਿੰਨੇ ਤਰ੍ਹਾਂ ਦੇ ਹੁੰਦੇ ਹਨ?

ਉੱਤਰ: ਸਿਖਿਅਕੀ ਔਸਤ ਦੋ ਤਰ੍ਹਾਂ ਦੇ ਹੁੰਦੇ ਹਨ : (i) ਗਣਿਤੀ ਔਸਤ (ii) ਸਥਿਤੀ ਸਬੰਧੀ ਔਸਤ।

ਪ੍ਰਸ਼ਨ. 6 ਮੁੰਡਿਆਂ ਦਾ ਜੇਬ ਖ਼ਰਚ 6, 12, 18, 24, 30 ਅਤੇ 36 ਹੈ। ਸਮਾਨੰਤਰ ਮਾਧਿਆ ਗਿਆਤ ਕਰੋ :

ਉੱਤਰ: 21 ਰੁਪਏ

ਪ੍ਰਸ਼ਨ . ਕੇਂਦਰੀ ਪ੍ਰਵਿਰਤੀ ਦੀ ਪਰਿਭਾਸ਼ਾ ਦਿਉ?

ਉੱਤਰ: ਕੇਂਦਰੀ ਪ੍ਰਵਿਰਤੀ ਤੋਂ ਭਾਵ ਕਿਸੇ ਸਾਂਖਿਅਕੀ ਲੜੀ ਦੇ ਕੇਂਦਰੀ ਮੁੱਲ ਜਾਂ ਪ੍ਰਤੀਨਿਧ ਮੁੱਲ ਤੋਂ ਹੈ।

ਫ਼ਾਕਸੈਂਟਨ ਅਤੇ ਕਾਊਂਡੇਨ ਦੇ ਅਨੁਸਾਰ, ਅੰਕੜਿਆਂ ਦੇ ਵਿਸਥਾਰ ਹੇਠਾਂ ਸਥਿਤ ਇੱਕ ਅਜਿਹੇ ਮੁੱਲ ਨੂੰ ਜਿਸਦਾ ਪ੍ਰਯੋਗ ਲੜੀ ਦੇ ਸਾਰੇ ਮੁੱਲਾਂ ਪ੍ਰਤੀਨਿਧੀਤਵ ਕਰਨ ਲਈ ਕੀਤਾ ਜਾਂਦਾ ਹੈ, ਔਸਤ ਕਿਹਾ ਜਾਂਦਾ ਹੈ। ਕਿਉਂਕਿ ਔਸਤ ਲੜੀ ਦੇ ਵਿਸਥਾਰ ਦੇ ਅੰਤਰਗਤ ਸਥਿਤ ਹੁੰਦਾ ਹੈ ਇਸ ਲਈ ਇਸ ਨੂੰ ਕੇਂਦਰੀ ਪ੍ਰਵ੍ਰਿਤੀ ਦਾ ਮਾਪ ਵੀ ਕਿਹਾ ਜਾਂਦਾ ਹੈ।"

ਪ੍ਰਸ਼ਨ :- ਹੇਠਾਂ ਦਿੱਤੀ ਲੜੀ ਦਾ ਪ੍ਰਤੱਖ ਵਿਧੀ ਅਤੇ ਕਾਲਪਨਿਕ ਮਾਧਿਆ ਵਿਧੀ ਰਾਹੀਂ ਔਸਤ ਪਤਾ ਕਰੋ?

17,20,30,23,25,21,45,50,55,65

ਹੱਲ:- **1. ਪ੍ਰਤੱਖ ਵਿਧੀ:-**

| ਜੇਬ ਖਰਚ (X) |
|---|
| 16 |
| 20 |
| 30 |
| 23 |
| 25 |
| 21 |
| 45 |
| 50 |
| 55 |
| 65 |
| $\Sigma X = 350$ |

N = 10, $\Sigma X = 350$

$\bar{x}=\frac{\Sigma X}{N}$ (ਪ੍ਰਤੱਖ ਵਿਧੀ ਦਾ ਫਾਰਮੂਲਾ)

$\bar{x}=\frac{350}{10}$ (350 ਨਾਲ 10 ਨੂੰ ਭਾਗ ਕਰੋ)

$\bar{x}= 35$ (ਸਮਾਨੰਤਰ ਮਾਧਿਆ) **ਉੱਤਰ**

**2. ਕਾਲਪਨਿਕ ਮਾਧਿਆ ਵਿਧੀ:-**

| ਜੇਬ ਖਰਚ (X) | (A = 45); (d = X - A) | |
|---|---|---|
| 16 | 16−45 = −29 | |
| 20 | 20−45 = −25 | |
| 30 | 30−45 = −15 | |
| 23 | 23−45 = −22 | |
| 25 | 25−45 = −20 | −135 |
| 21 | 21− 45 = −24 | |
| 45 (A) | 45−45 = 0 | |
| 50 | 50− 45 = 5 | |
| 55 | 55−45 = 10 | |
| 65 | 65−45 = 20 | + 35 |
| | $\Sigma d = -100$ | |

$\bar{x}= A + \frac{\Sigma d}{N}$ (ਕਾਲਪਨਿਕ ਮਾਧਿਆ ਵਿਧੀ ਦਾ ਫਾਰਮੂਲਾ)

$\bar{x}= 45 + \frac{-100}{10}$ (−100 ਨਾਲ 10 ਨੂੰ ਭਾਗ ਕਰੋ)

$\bar{x}= 45 + (-10)$ (−10 ਰਿਣਾਤਮਕ ਹੋਣ ਕਾਰਨ 45 ਵਿੱਚੋਂ - ਕਰੋ)

$\bar{x}= 35$ (ਸਮਾਨੰਤਰ ਮਾਧਿਆ) **ਉੱਤਰ**

ਪ੍ਰਸ਼ਨ: 100 ਵਿਦਿਆਰਥੀਆਂ ਦੁਆਰਾ ਪ੍ਰਾਪਤ ਅੰਕਾਂ ਦਾ ਔਸਤ 40 ਗਿਆਤ ਹੋਇਆ ਹੈ ਬਾਅਦ ਵਿੱਚ ਪਤਾ ਲੱਗਿਆ ਕਿ ਇੱਕ ਵਿਦਿਆਰਥੀ ਨੂੰ ਅਸਲ ਵਿੱਚ 53 ਅੰਕ ਪ੍ਰਾਪਤ ਹੋਏ ਸਨ, ਪਰੰਤੂ ਉਸ ਨੂੰ 83 ਪੜ੍ਹਿਆ ਗਿਆ ਸੀ। ਸਹੀ ਔਸਤ ਗਿਆਤ ਕਰੋ।

ਉੱਤਰ: $\bar{x}=\frac{\Sigma X}{N}$, ਜਾਂ $\Sigma X = \bar{x} \times N$

ਇੱਥੇ ਦਿੱਤਾ ਗਿਆ ਹੈ : - $\bar{x} = 40, N = 100$

$\Sigma X = \bar{x} \times N \rightarrow 40 \times 100 = 4{,}000$

Correct value = 53 , incorrect value = 83

ਸਹੀ ਮਾਧਿਅਮ ( $\bar{x}$) $= \frac{\Sigma X\ (\text{wrong}) + \text{correct value} - \text{incorrect value}}{N}$

$$\bar{x} = \frac{4000 + 53 - 83}{100}$$

$$\bar{x} = \frac{3970}{100}$$

$\bar{x}$ **= 39.70 ਉੱਤਰ**

ਪ੍ਰਸ਼ਨ :- ਹੇਠਾਂ ਦਿੱਤੀ ਲੜੀ ਦਾ ਮਧਿਅਕਾ ਮੁੱਲ ਪਤਾ ਕਰੋ?

17,32,35,33,15,21,41,32,11,10,20

ਹੱਲ:- ਸਭ ਤੋਂ ਪਹਿਲਾਂ ਦਿੱਤੀ ਹੋਈ ਸਾਰਣੀ ਨੂੰ ਵੱਧਦੇ ਕ੍ਰਮ ਵਿੱਚ ਲਿਖਣਾ ਚਾਹੀਦਾ ਹੈ

| ਕ੍ਰਮ | 1 | 2 | 3 | 4 | 5 | 6 (M) | 7 | 8 | 9 | 10 | 11 |
|---|---|---|---|---|---|---|---|---|---|---|---|
| ਅੰਕ | 10 | 11 | 15 | 17 | 20 | 21 | 32 | 32 | 33 | 35 | 41 |

N = 11,

M = Size of $\frac{N+1}{2}$ th item

M = Size of $\frac{11+1}{2}$ th item

M = Size of $\frac{12}{2}$ th item

M = $6^{th}$ item = 21

ਮਧਿਅਕਾ (Median) = 21 **ਉੱਤਰ**

ਪ੍ਰਸ਼ਨ : ਹੇਠਾਂ ਦਿੱਤੀ ਅਖੰਡਿਤ ਲੜੀ ਦਾ ਮਧਿਅਕਾ ਮੁੱਲ ਪਤਾ ਕਰੋ ?

| ਮਜ਼ਦੂਰੀ | 0 – 10 | 10 – 20 | 20 – 30 | 30 – 40 | 40 – 50 |
|---|---|---|---|---|---|
| ਕਿਰਤੀਆਂ ਦੀ ਸੰਖਿਆਂ | 22 | 38 | 46 | 35 | 20 |

ਹੱਲ :-

| **ਮਜ਼ਦੂਰੀ** | **ਆਵ੍ਰਿਤੀ** | **ਸੰਚਈ ਆਵ੍ਰਿਤੀ** |
|---|---|---|
| 0 – 10 | 22 | 22 + 0 = 22 |
| 10 – 20 | 38 | 22 + 38 = 60 c.f. |
| 20 – 30 | 46 (f) | 60 + 46 = 106 |
| 30 – 40 | 35 | 35 + 106 = 141 |
| 40 – 50 | 20 | 141 + 20 = 161 |
| | N = $\Sigma$**f** = 161 | |

M = Size of $\left(\frac{N}{2}\right)$ th item

M = Size of $\left(\frac{161}{2}\right)$ th item

M = $80.5^{th}$ item

$l_1$ = 20, f = 46, i = 10, c.f. = 60.

$$M = l_1 + \frac{\frac{N}{2} - c.f.}{f} \times i$$

$M = 20 + \frac{\frac{161}{2} - 60}{46} \times 10$ (161 ਨੂੰ 2 ਨਾਲ ਭਾਗ ਕਰੋ)

$M = 20 + \frac{80.5 - 60}{46} \times 10$ (80.5 ਵਿੱਚੋਂ 60 ਨੂੰ ਕਟਾਓ)

$M = 20 + \frac{20.5}{46} \times 10$ (20.5 ਨਾਲ 46 ਨੂੰ ਭਾਗ ਕਰੋ)

$M = 20 + 0.446 \times 10$ (0.446 ਨੂੰ 10 ਨਾਲ ਗੁਣਾ ਕਰੋ)

$M = 20 + 4.46$ (4.46 ਨੂੰ 20 ਵਿੱਚ ਜੋੜੋ)

**M = 24.46 ਉੱਤਰ**

ਪ੍ਰਸ਼ਨ : ਅੰਖਿਡਤ ਲੜੀ ਦਾ ਬਹੁਲਕ ਕਿਵੇਂ ਪਤਾ ਕੀਤਾ ਜਾ ਸਕਦਾ ਹੈ?

ਉੱਤਰ: - ਹੇਠਾਂ ਦਿੱਤੀ ਉਦਾਹਰਣ ਰਾਂਹੀ ਅੰਖਿਡਤ ਲੜੀ ਦਾ ਬਹੁਲਕ ਪਤਾ ਕੀਤਾ ਜਾ ਸਕਦਾ ਹੈ:-

| ਵਰਗ-ਅੰਤਰ | 0 - 10 | 10 - 20 | 20 - 30 | 30 - 40 | 40 - 50 |
|---|---|---|---|---|---|
| ਆਵ੍ਰਿਤੀ | 2 | 5 | 7 | 5 | 2 |

$i = 10$ , $l_1 = 20$ , $f_0 = 5$, $f_1 = 7$, $f_2 = 5$,

$$Z = l_1 + \frac{f1 - f0}{2f1 - f0 - f2} \times i$$

$$Z = 20 + \frac{7-5}{2 \times 7 - 5 - 5} \times 10$$

$$Z = 20 + \frac{2}{14-10} \times 10$$

$$Z = 20 + \frac{2}{4} \times 10$$

$$Z = 20 + 5$$

**Z = 25 (ਬੁਹਲਕ)**

| **ਵਰਗ-ਅੰਤਰ** | **ਆਵ੍ਰਿਤੀ** |
|---|---|
| 0 - 10 | 2 |
| 10 - 20 | 5 ($f_0$) |
| 20 - 30 | 7 ($f_1$) |
| 30 - 40 | 5 ($f_2$) |
| 40 - 50 | 2 |

ਪ੍ਰਸ਼ਨ :- ਸਹਿ-ਸੰਬੰਧ ਦੀ ਪਰਿਭਾਸ਼ਾ ਦਿਉ?

ਉੱਤਰ :- ਸਹਿ-ਸੰਬੰਧ ਉਹ ਸਾਂਖਿਅਕੀ ਤਕਨੀਕ ਹੈ ਜੋ ਦੋ ਜਾਂ ਦੋ ਤੋਂ ਵੱਧ ਚਰਾਂ ਦੇ ਵਿਚਕਾਰ ਸੰਬੰਧ ਦਾ ਵਿਸ਼ਲੇਸ਼ਣ ਕਰਨ ਵਿੱਚ ਸਹਾਇਤਾ ਕਰਦਾ ਹੈ।ਇਸ ਤੋਂ ਭਾਵ ਦੋ ਜਾਂ ਦੋ ਚਰਾਂ ਦੇ ਮੁੱਲ ਵਿੱਚ ਵਿਚਰਣ ਦੀ ਨਿਕਟਤਾ ਦੇ ਮਾਪ ਤੋਂ ਹੈ।**ਬੋਡਿੰਗਟਨ ਦੇ ਸ਼ਬਦਾਂ ਅਨੁਸਾਰ,** 'ਜਦੋਂ ਕਦੀ ਦੋ ਜਾਂ ਅਧਿਕ ਸਮੂਹਾਂ ਜਾਂ ਵਰਗਾਂ ਅਥਵਾਂ ਲੜੀਆਂ ਵਿੱਚ ਨਿਸ਼ਚਿਤ ਸੰਬੰਧ ਪਾਇਆ ਜਾਂਦਾ ਹੈ ਤਾਂ ਉਨ੍ਹਾਂ ਵਿੱਚ ਸੰਬੰਧ ਕਿਹਾ ਜਾਂਦਾ ਹੈ'।

ਪ੍ਰਸ਼ਨ : ਕਾਰਲ ਪੀਅਰਸਨ ਦੀ ਸਹਿ-ਸੰਬੰਧ ਗੁਣਾਂਕ ਵਿਧੀ:-

| **X** | 2 | 3 | 5 | 7 | 9 | 10 |
|---|---|---|---|---|---|---|
| **Y** | 4 | 7 | 14 | 17 | 20 | 22 |

ਹੱਲ:-

| X | $x = (X - \bar{X})$ | $x^2$ | Y | $y = (Y - \bar{Y})$ | $y^2$ | xy |
|---|---|---|---|---|---|---|
| 2 | 2 -6 = -4 | -4 X -4 =16 | 4 | 4 - 14 = -10 | -10 X -10 = 100 | -4 X -10 = 40 |
| 3 | 3-6 = -3 | -3 X -3 = 9 | 7 | 7- 14 = -7 | -7 X -7 = 49 | -3 X -7 = 21 |
| 5 | 5-6 = -1 | -1 X -1= 1 | 14 | 14 -14 = 0 | 0 X 0 = 0 | -1 X 0= 0 |
| 7 | 7-6 = 1 | 1 X 1 = 1 | 17 | 17 - 14 = 3 | 3 X 3 = 9 | 1 X 3 = 3 |
| 9 | 9-6 = 3 | 3 X 3 = 9 | 20 | 20 - 14 = 6 | 6 X 6 = 36 | 3 X 6 = 18 |
| 10 | 10-6 = 4 | 4 X 4 = 16 | 22 | 22 - 14 = 8 | 8 X 8 = 64 | 4 X 8 = 32 |
| $\Sigma X = 36$<br>N=6<br>$\bar{X} = 6$ | $\Sigma x = 0$ | $\Sigma x^2 = 52$ | $\Sigma Y = 84$<br>N=6<br>$\bar{Y} = 14$ | $\Sigma y = 0$ | $\Sigma y^2 = 258$ | $\Sigma xy = 114$ |

$\Sigma xy = 114$ , $\Sigma x^2 = 52$, $\Sigma y^2 = 258$

$$r = \frac{\Sigma xy}{\sqrt{\Sigma x^2} \times \sqrt{\Sigma y^2}}$$

$$r = \frac{114}{\sqrt{52} \times \sqrt{258}}$$

(52 ਅਤੇ 258 ਦੀ ਗੁਣਾਂ ਕਰੋ) $r = \frac{114}{\sqrt{13416}}$

(13416 ਦਾ ਵਰਗਮੂਲ ਕੱਢੋ) $r = \frac{114}{115.827}$

(114 ਨਾਲ 115.827 ਨੂੰ ਭਾਗ ਦਿਓ)

$r = 0.984$

**ਉੱਤਰ** = $r = +0.984$ (ਦੋਵੇਂ ਚਰਾਂ ਵਿੱਚ ਉੱਚ ਦਰਜੇ ਦਾ ਧਨਾਤਮਕ ਸਹਿ-ਸੰਬੰਧ ਪਾਇਆ ਜਾ ਰਿਹਾ ਹੈ।)

ਸਵਾਲ: ਇੱਕ ਫੈਸ਼ਨ ਸ਼ੋਅ ਵਿੱਚ ਦੋ ਜੱਜਾਂ ਨੇ 10 ਪ੍ਰਤੀਯੋਗੀਆਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਪ੍ਰਦਾਨ ਕੀਤੀਆਂ। ਕੀ ਇਹਨਾਂ ਜੱਜਾਂ ਦੇ ਫੈਸਲਿਆਂ ਵਿੱਚ ਸਹਿ-ਸੰਬੰਧ ਪਾਇਆ ਜਾਂਦਾ ਹੈ?ਕ੍ਰਮਾਂਤਰ ਸਹਿ-ਸੰਬੰਧ ਦੀ ਗਣਨਾ ਕਰੋ।

| | | | | | | | | | | |
|---|---|---|---|---|---|---|---|---|---|---|
| **X** | 1 | 2 | 3 | 4 | 5 | 6 | 7 | 8 | 9 | 10 |
| **Y** | 9 | 10 | 6 | 5 | 7 | 8 | 2 | 1 | 3 | 4 |

**ਹੱਲ:-**

| $X = R_1$ | $Y = R_2$ | $D = R_1 - R_2$ | $D^2$ |
|---|---|---|---|
| 1 | 9 | -8 | 64 |
| 2 | 10 | -8 | 64 |
| 3 | 6 | -3 | 9 |
| 4 | 5 | -1 | 1 |
| 5 | 7 | -2 | 4 |
| 6 | 8 | -2 | 4 |
| 7 | 2 | 5 | 25 |
| 8 | 1 | 7 | 49 |
| 9 | 3 | 6 | 36 |
| 10 | 4 | 6 | 36 |
| **N=10** | | | **$\Sigma D^2 = 292$** |

$$rk = 1 - \frac{6\Sigma D^2}{N^3 - N}$$

$$rk = 1 - \frac{6 \text{ X } 292}{10^3 - 10}$$

$rk = 1 - \frac{1752}{1000-10}$ (6 ਅਤੇ 292 ਦੀ ਗੁਣਾ ਕਰੋ, 10 ਦਾ ਘਣ ਪਤਾ ਕਰੋ)

$rk = 1 - \frac{1752}{990}$ (1000-10 ਨੂੰ ਹਲ ਕਰੋ)

$rk = 1 - 1.769$ (1752 ਨਾਲ 990 ਨੂੰ ਭਾਗ ਕਰੋ)

$rk = -0.769$ (1 ਵਿੱਚੋਂ 1.769 ਨੂੰ ਘਟਾਓ।)

ਉੱਤਰ :- 0.769 (ਦੋਵੇ ਜੱਜਾਂ ਦੇ ਫੈਸਲਿਆਂ ਵਿੱਚ ਉੱਚ ਦਰਜੇ ਦਾ ਰਿਣਾਤਮਕ ਸਹਿ-ਸੰਬੰਧ ਪਾਇਆ ਜਾ ਰਿਹਾ ਹੈ)

ਪ੍ਰਸ਼ਨ :- ਸੂਚਕ ਅੰਕ ਦੀ ਪਰਿਭਾਸ਼ਾ ਦਿਉ?

ਉੱਤਰ :- ਸੂਚਕ ਅੰਕ ਤੋਂ ਭਾਵ ਅਜਿਹੇ ਸੰਖਿਅਕੀ ਮਾਪ ਤੋਂ ਹੈ, ਜਿਸ ਦੀ ਸਹਾਇਤਾ ਨਾਲ ਕੀਮਤ, ਆਮਦਨ, ਉਤਪਾਦਨ ਜਿਹੇ ਆਰਥਿਕ ਚਰਾਂ ਵਿੱਚ ਭਿੰਨ-ਭਿੰਨ ਸਮੇਂ ਤੇ ਹੋਏ ਸਾਪੇਖਿਕ ਪਰਿਵਰਤਨਾਂ ਨੂੰ ਮਾਪਿਆ ਜਾ ਸਕਦਾ ਹੈ।**ਕ੍ਰਾਕਸਟਨ ਅਤੇ ਕਾਊਡਨ** ਦੇ ਅਨੁਸਾਰ, "ਸੂਚਕ ਅੰਕ ਸੰਬੰਧਿਤ ਚਰਾਂ ਦੇ ਇੱਕ ਸਮੂਹ ਦੇ ਮੁੱਲ ਵਿੱਚ ਅੰਤਰ ਮਾਪਣ ਦੀਆਂ ਵਿਧੀਆਂ ਹਨ।"

ਪ੍ਰਸ਼ਨ :- ਸੂਚਕ ਅੰਕ ਦੀਆਂ ਸੀਮਾਵਾਂ ਬਾਰੇ ਜਾਣਕਾਰੀ ਦਿਉ?

ਉੱਤਰ :- ਸੂਚਕ ਅੰਕ ਦੀਆਂ ਸੀਮਾਵਾਂ ਹੇਠ ਲਿਖੇ ਅਨੁਸਾਰ ਹਨ:-

- **i.** ਸੂਚਕ ਅੰਕ ਪੂਰੀ ਤਰ੍ਹਾਂ ਭਰੋਸੇਯੋਗ ਨਹੀਂ ਹੁੰਦੇ। ਇਸ ਤੇ ਕੀਮਤਾਂ ਵਿੱਚ ਹੋਣ ਵਾਲੇ ਪਰਿਵਰਤਨ ਦਾ ਸਿਰਫ ਅਨੁਮਾਨ ਹੀ ਲਗਾਇਆ ਜਾ ਸਕਦਾ ਹੈ।ਇਸ ਤੇ ਪੂਰੀ ਤਰ੍ਹਾਂ ਨਿਰਭਰ ਨਹੀਂ ਰਿਹਾ ਜਾ ਸਕਦਾ।
- **ii.** ਸੂਚਕ ਅੰਕਾਂ ਦਾ ਆਧਾਰ ਸਾਲ ਵੱਖ-ਵੱਲ ਦੇਸ਼ਾਂ ਵਿੱਚ ਵੱਖ-ਵੱਖ ਹੁੰਦੇ ਹਨ, ਇਸ ਲਈ ਇਹਨਾਂ ਤੋਂ ਅੰਤਰ-ਰਾਸ਼ਟਰੀ ਤੁਲਨਾ ਕਰਨਾ ਅਸੰਭਵ ਹੈ।
- **iii.** ਸਮੇਂ ਦਾ ਅੰਤਰ ਹੋਣ ਤੇ ਸੂਚਕ ਅੰਕਾਂ ਦੀ ਸਹਾਇਤਾ ਨਾਲ ਕੀਮਤ ਵਿੱਚ ਪਰਿਵਰਤਨ ਦਾ ਸਹੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।
- **iv.** ਸੂਚਕ ਅੰਕ ਆਮ ਤੌਰ ਤੇ ਕਿਸੇ ਖਾਸ ਉਦੇਸ਼ ਲਈ ਬਣਾਏ ਜਾਂਦੇ ਹਨ। ਇਸ ਲਈ ਇਹਨਾਂ ਦੀ ਵਰਤੋਂ ਕਿਸੇ ਹੋਰ ਉਦੇਸ਼ ਲਈ ਕੀਤੀ ਜਾਂਦੀ ਹੈ ਤਾਂ ਇਸਦੇ ਅਨੁਮਾਨ ਗਲਤ ਲਗਾਏ ਜਾ ਸਕਦੇ ਹਨ।
- **v.** ਜ਼ਿਆਦਾਤਰ ਸੂਚਕ ਅੰਕ ਵਿੱਚ ਭਾਰ ਦੇਣ ਦਾ ਕੋਈ ਵਿਗਿਆਨਕ ਉਪਾਅ ਨਹੀਂ ਹੈ ਜਿਸ ਨਾਲ ਸੂਚਕ ਅੰਕ ਸਹੀ ਸਿੱਟੇ ਪੇਸ਼ ਨਹੀਂ ਕਰਦੇ।
- **vi.** ਸੂਚਕ ਅੰਕ ਥੋਕ ਕੀਮਤਾਂ ਤੇ ਬਣਾਏ ਜਾਂਦੇ ਹਨ, ਜਦਕਿ ਅਸਲ ਜੀਵਨ ਵਿੱਚ ਫੁਟਕਰ ਕੀਮਤਾਂ ਦੀ ਵਧੇਰੇ ਮਹੱਤਤਾ ਹੈ, ਪਰ ਇਹਨਾਂ ਦੀ ਜਾਣਕਾਰੀ ਇੱਕਠੀ ਕਰਨਾ ਬਹੁਤ ਮੁਸ਼ਕਿਲ ਹੈ।ਇਸ ਲਈ ਥੋਕ ਕੀਮਤਾਂ ਤੇ ਆਧਾਰਿਤ ਸੂਚਕ ਅੰਕ ਤੋਂ ਵੀ ਗਲਤ ਸਿੱਟੇ ਨਿਕਲਦੇ ਹਨ।
- **vii.** ਆਯਾਤ-ਨਿਰਯਾਤ ਸੂਚਕ ਅੰਕ ਦੀ ਸਹਾਇਤਾ ਨਾਲ ਵਿਦੇਸ਼ੀ ਵਪਾਰ ਦੇ ਹਲਾਤਾਂ ਦੇ ਆਧਾਰ ਤੇ ਵਪਾਰਕ ਨੀਤੀ ਦਾ ਨਿਰਮਾਣ ਕੀਤਾ ਜਾਂਦਾ ਹੈ।

ਪ੍ਰਸ਼ਨ :- (1) ਸਰਲ ਸਮੂਹੀਕਰਣ ਵਿਧੀ (2) ਸਰਲ ਮੁੱਲ ਅਨੁਪਾਤ ਵਿਧੀ ਰਾਂਹੀ ਹੇਠ ਦਿੱਤ ਅੰਕੜਿਆਂ ਦੇ ਸੂਚਕ ਅੰਕ ਤਿਆਰ ਕਰੋ।

| ਵਸਤੂਆਂ | A | B | C | D | E | F |
|---|---|---|---|---|---|---|
| 2011 ਵਿੱਚ ਵਸਤੂਆਂ ਦੇ ਮੁੱਲ | 20 | 30 | 10 | 25 | 40 | 50 |
| 2021 ਵਿੱਚ ਵਸਤੂਆਂ ਦੇ ਮੁੱਲ | 25 | 30 | 15 | 35 | 45 | 55 |

**ਹੱਲ:- (1) ਸਰਲ ਸਮੂਹੀਕਰਣ ਵਿਧੀ:-**

| **ਵਸਤੂਆਂ** | **2011 ਵਿੱਚ ਵਸਤੂਆਂ ਦੇ ਮੁੱਲ** P0 | **2021 ਵਿੱਚ ਵਸਤੂਆਂ ਦੇ ਮੁੱਲ** P1 |
|---|---|---|
| A | 20 | 25 |
| B | 30 | 30 |
| C | 10 | 15 |
| D | 25 | 35 |
| E | 40 | 45 |
| F | 50 | 55 |
| **ਕੁੱਲ ਜੋੜ** | ΣP0= **175** | ΣP1 **= 205** |

**ਸੂਤਰ:-** $P01 = \frac{\Sigma P1}{\Sigma P0} X100$

$P01 = \frac{205}{175} X100$ (175 ਨੂੰ 205 ਨਾਲ ਭਾਗ ਕਰੋ)

$P01 = 1.17142X100$ (1.17142 ਨੂੰ 100 ਨਾਲ ਗੁਣਾ ਕਰੋ)

$P01 = 117.142$ **ਉੱਤਰ**

**ਹੱਲ:- (2) ਔਸਤ ਮੁੱਲ ਅਨੁਪਾਤ ਵਿਧੀ:-**

| ਙਸਤੂਆਂ | 2011 ਵਿੱਚ ਵਸਤੂਆਂ ਦੇ ਮੁੱਲ P0 | 2021 ਵਿੱਚ ਵਸਤੂਆਂ ਦੇ ਮੁੱਲ P1 | $\frac{P1}{P0}X100$ |
|---|---|---|---|
| A | 20 | 25 | $\frac{25}{20}X100 = 125$ |
| B | 30 | 30 | $\frac{30}{30}X100 = 100$ |
| C | 10 | 15 | $\frac{15}{10}X100 = 150$ |
| D | 25 | 35 | $\frac{35}{25}X100 = 140$ |
| E | 40 | 45 | $\frac{45}{40}X100 = 112.5$ |
| F | 50 | 55 | $\frac{55}{50}X100 = 110$ |
| **N = 6** | | | $\Sigma\{\frac{P1}{P0}X100\} = 737.5$ |

**ਸੂਤਰ:-** $P01 = \frac{\Sigma\{\frac{P1}{P0}X100\}}{N}$

$P01 = \frac{737.5}{6}$ (6 ਨੂੰ 737.5 ਨਾਲ ਭਾਗ ਕਰੋ)

$P01 = 122.916$ **ਉੱਤਰ**

ਪ੍ਰਸ਼ਨ 3:- ਹੇਠ ਲਿਖੇ ਅੰਕੜਿਆਂ ਦੇ ਕੀਮਤ ਸੂਚਕ ਅੰਕ ਤਿਆਰ ਕਰੋ।
(1) ਲਾਸਪੀਅਰ ਵਿਧੀ
(2) ਪਾਸਚੇ ਵਿਧੀ
(3) ਫਿਸ਼ਰ ਵਿਧੀ

| ਵਸਤੂਆਂ | ਆਧਾਰ ਸਾਲ 2012 | | ਚਾਲੂ ਸਾਲ 2020 | |
|---|---|---|---|---|
| | ਕੀਮਤ | ਮਾਤਰਾ | ਕੀਮਤ | ਮਾਤਰਾ |
| A | 12 | 7 | 24 | 15 |
| B | 25 | 5 | 30 | 10 |
| C | 30 | 4 | 35 | 12 |
| D | 10 | 15 | 15 | 25 |
| E | 40 | 3 | 50 | 5 |

**ਹੱਲ:-**

| ਵਸਤੂਆਂ | ਆਧਾਰ ਸਾਲ 2012 | | ਚਾਲੂ ਸਾਲ 2020 | | $p_1q_0$ | $p_0q_0$ | $p_1q_1$ | $p_0q_1$ |
|---|---|---|---|---|---|---|---|---|
| | ਕੀਮਤ $p_0$ | ਮਾਤਰਾ $q_0$ | ਕੀਮਤ $p_1$ | ਮਾਤਰਾ $q_1$ | | | | |
| A | 12 | 7 | 24 | 15 | 168 | 84 | 360 | 180 |
| B | 25 | 5 | 30 | 10 | 150 | 125 | 300 | 250 |
| C | 30 | 4 | 35 | 12 | 140 | 120 | 420 | 360 |
| D | 10 | 15 | 15 | 25 | 225 | 150 | 375 | 250 |
| E | 40 | 3 | 50 | 5 | 150 | 120 | 250 | 200 |
| ਕੁੱਲ ਜੋੜ | | | | | $\Sigma p_1q_0 = 833$ | $\Sigma p_0q_0 = 599$ | $\Sigma p_1q_1 = 1705$ | $\Sigma p_0q_1 = 1240$ |

**i. ਲਾਸਪੀਅਰ ਦੀ ਵਿਧੀ:–**

**ਸੂਤਰ:–** $P01 = \frac{\Sigma p1q0}{\Sigma p0q0} X100$

$P01 = \frac{833}{599} X100$ (833 ਨਾਲ 599 ਨੂੰ ਭਾਗ ਕਰੋ)

$P01 = 1.39065X100$ (1.39065 ਨੂੰ 100 ਨਾਲ ਗੁਣਾ ਕਰੋ)

$P01 = 139.065$ ਉੱਤਰ

**ii. ਪਾਸਚੇ ਦੀ ਵਿਧੀ:–**

**ਸੂਤਰ:–** $P01 = \frac{\Sigma p1q1}{\Sigma p0q1} X100$

$P01 = \frac{1705}{1240} X100$ (1705 ਨਾਲ 1240 ਨੂੰ ਭਾਗ ਕਰੋ)

$P01 = 1.37500X100$ (1.37500 ਨਾਲ 100 ਨੂੰ ਗੁਣਾ ਕਰੋ)

$P01 = 137.500$ ਉੱਤਰ

**iii. ਫਿਸ਼ਰ ਦੀ ਵਿਧੀ:–**

**ਸੂਤਰ:–** $P01 = \sqrt{\frac{\Sigma p1q0}{\Sigma p0q0} X \frac{\Sigma p1q1}{\Sigma p0q1}} X100$

$P01 = \sqrt{\frac{833}{599} X \frac{1705}{1240}} X100$ (833 ਨਾਲ 599 ਨੂੰ ਅਤੇ 1705 ਨਾਲ 1240 ਨੂੰ ਭਾਗ ਕਰੋ )

$P01 = \sqrt{1.39065X1.37500} X100$ (1.39065 ਨੂੰ 1.37500 ਨਾਲ ਗੁਣਾ ਕਰੋ )

$\mathbf{P01} = \sqrt{\mathbf{1.91214}}\mathbf{X100}$ (1.91214 ਦਾ ਵਰਗਮੂਲ ਪਤਾ ਕਰੋ )

$\mathbf{P01} = \mathbf{1.38280X100}$ (1.38280 ਨੂੰ 100 ਨਾਲ ਗੁਣਾ ਕਰੋ )

$\mathbf{P01} = \mathbf{138.280}$ ਉੱਤਰ


Efforts By:

1.Amandeep Kaur, SRP and Lect. Economics, Saragarhi Mem. SoE, Town Hall, Amritsar.

2. Ravi Kumar Basra, SRP and Lect..Economics, GSSS CHAUNAGRA (S.B.S.NAGAR)